# ਸਮਤਾ

ਜੂਨ 1983 (ਅੰਕ 37)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਜੂਨ 1983
ਮੁੱਲ—ਦੋ ਰੁਪਏ
37

## ਸੰਪਾਦਕੀ :

ਸਾਡੇ ਕਿਸਾਨਾਂ ਨੇ ਹਰ ਸਾਲ ਵਾਂਗ ਆਪਣਾ ਫਰਜ਼ ਨਿਭਾ ਦਿੱਤਾ ਹੈ। ਪਹਿਲਾਂ ਸਮੇਂ ਸਿਰ ਮੀਂਹ ਨਾ ਪੈਣ ਤੇ ਅਤੇ ਫੇਰ ਬੇਵਕਤਾ ਮੀਂਹ ਅਤੇ ਗੜ੍ਹਾ ਮਾਰ ਹੋਣ ਤੇ ਵੀ ਕਿਸਾਨਾਂ ਨੇ ਰੀਕਾਰਡ ਖੇਤੀ ਕੀਤੀ ਹੈ। ਇਸਤੋਂ ਵੱਧ ਉਹ ਕਰ ਵੀ ਕੀ ਸਕਦੇ ਹਨ ? ਪਰ ਕੀ ਉਹਨਾਂ ਦੀ ਹਾਲਤ ਸੁਧਰੇਗੀ ? ਕੀ ਉਹਨਾਂ ਦੀ ਰਹਿਣੀ ਬਹਿਣੀ ਵਿਚ ਕੋਈ ਫਰਕ ਘਟੇਗਾ ? ਕੀ ਉਹਨਾਂ ਦੇ ਪਿੰਡ ਸੋਹਣੇ ਬਣਨਗੇ ? ਕੀ ਉਹਨਾਂ ਦੇ ਪਿੰਡਾਂ ਵਿਚ ਚੰਗੇ ਸਕੂਲ, ਚੰਗੇ ਹਸਪਤਾਲ, ਚੰਗਾ ਪੀਣ ਦਾ ਪਾਣੀ, ਪੱਕੀਆ ਗਲੀਆਂ, ਪਾਣੀ ਦੇ ਨਿਕਾਸ ਲਈ ਨਾਲੀਆਂ, ਰਾਤ ਨੂੰ ਗੱਲੀਆਂ ਵਿਚ ਠੀਕ ਰੌਸ਼ਨੀ, ਰੂੜੀ ਦੇ ਢੇਰਾਂ ਵੱਲੋਂ ਸਫਾਈ, ਮੱਖੀ ਮੱਛਰ ਨੂੰ ਮਾਰਨ ਲਈ ਦਵਾਈਆਂ ਦਾ ਛਿੜਕਾ ਜਾਂ ਹੋਰ ਆਧੁਨਿਕ ਸਹੂਲਤਾਂ ਦੀ ਆਸ ਕੀਤੀ ਜਾ ਸਕਦੀ ਹੈ ? ਕੀ ਪਿੰਡਾਂ ਵਿਚ ਰਹਿ ਰਹੇ ਲੋਕ ਆਸ ਕਰ ਸਕਦੇ ਹਨ ਕਿ ਉਹਨਾਂ ਦੇ ਪਿੰਡਾਂ ਵੱਲ ਆਉਂਦੀਆਂ ਸੜਕਾਂ ਚੰਗੀਆਂ ਹੋਣਗੀਆਂ, ਉਹਨਾਂ ਤੇ ਚੰਗੀਆਂ ਬੱਸਾਂ ਚਲਣਗੀਆਂ ਜਿਹੜੀਆਂ ਵੱਕਤ ਦੀ ਵੀ ਪਾਬੰਧੀ ਨਿਭਾਉਣਗੀਆ ? ਮੌਜੂਦਾ ਹਾਲਤਾਂ ਵਿਚ ਜਵਾਬ ਸਾਫ਼ ਹੈ ਕਿ ਇਹੋ ਜਿਹੀ ਕਿਸੇ ਸਹੂਲਤ ਦੀ ਵੀ ਨੇੜੇ ਦੇ ਭਵਿਖ ਵਿਚ ਕੋਈ ਆਸ ਨਹੀਂ।

ਇਹ ਸਚਾਈ ਜਾਣਦਿਆਂ ਹੋਇਆਂ ਅੱਗੇ ਇਹ ਵੀ ਸਚਾਈ ਜਾਣ ਲਈ ਕਿ ਹਿੰਦੋਸਤਾਨ ਦੀ ਆਰਥਕਤਾ ਵਿਚ ਪਿੰਡਾਂ ਵਾਲਿਆਂ ਦਾ ਵੱਡਾ ਹੱਥ ਹੈ। 80 ਫੀ ਸੱਦੀ ਆਰਥਕਤਾ ਉਹਨਾਂ ਨੇ ਆਪਣੇ ਮੋਢਿਆਂ ਤੇ ਚੁੱਕੀ ਹੋਈ ਹੈ। ਕਿਸਾਨ ਦੀ ਕਣਕ 150/- ਕਵਿੰਟਲ ਚੁੱਕਕੇ ਸਰਕਾਰ ਨੇ ਇਸਨੂੰ ਹੋਰਨਾਂ ਥਾਵਾਂ ਤੇ 350/- ਵੇਚਣੀ ਹੈ। ਮੰਡੀਆਂ ਵਿਚ, ਫੂਡ ਕਾਰਪੋਰੇਸ਼ਨਾਂ ਵਿਚ ਲੱਖਾਂ ਲੋਕਾਂ ਦਾ ਰੁਜ਼ਗਾਰ ਸਿਰਫ਼ ਕਿਸਾਨ ਦੀ ਖੇਤੀ ਉਤੇ ਨਿਰਭਰ ਹੈ। ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਇਹ ਖੇਤੀ ਕਰਨ ਵਾਲੇ ਹਿੰਦੋਸਤਾਨ ਦੇ ਸੂਰਮੇ ਜਿਥੇ ਰਹਿੰਦੇ ਹਨ, ਜਿਨ੍ਹਾਂ ਨੂੰ ਪਿੰਡ ਕਿਹਾ ਜਾਂਦਾ ਹੈ, ਉਥੇ ਜ਼ਿੰਦਗੀ ਸਾਰੀ ਦੁਨੀਆਂ ਤੋਂ 200 ਸਾਲ ਪਿਛੇ ਖਲੌਤੀ ਹੋਵੇ ਤਾਂ ਸਾਡੇ ਸਾਰੇ ਲੋਕਾਂ ਨੂੰ ਕੁਝ ਸੋਚਣ ਤੇ ਕੁਝ ਸਮਝਣ ਦੀ ਵਡੀ ਲੋੜ ਹੈ।

ਅਸੀਂ ਖੇਤੀ ਵਿਚ ਦੁਨੀਆਂ ਵਿਚ ਕਿਉਂ ਰੀਕਾਰਡ ਕਾਇਮ ਕਰ ਰਹੇ ਹਾਂ ? ਕਿਉਂਕਿ ਅਸੀਂ ਖੇਤ ਵਿਚ ਸਾਇੰਸ ਨੂੰ ਪੂਰੀ ਤਰ੍ਹਾਂ ਆਪਣਾ ਲਿਆ ਹੈ। ਸਾਨੂੰ ਪਤਾ ਹੈ ਕਿ ਚੰਗਾ ਬੀਜ ਕੀ ਹੈ, ਚੰਗੀ ਖਾਦ ਕੀ ਹੈ, ਖੇਤੀ ਨੂੰ ਤਬਾਹ ਕਰਨ ਵਾਲੀ ਬੂਟੀ ਨੂੰ ਕਿਸ ਤਰ੍ਹਾਂ ਮਾਰਨਾ ਹੈ। ਫੇਰ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਜ਼ਿੰਦਗੀ ਵਿਚ ਸਾਇੰਸ ਨੂੰ ਕਿਉਂ ਨਹੀਂ ਅਪਣਾ ਰਹੇ ? ਜ਼ਿੰਦਗੀ ਵਿਚ ਸਾਇੰਸ ਅਪਣਾਉਣ ਦਾ ਮਤਲਬ ਹੈ ਕਿ ਸਾਡੇ ਵਿਚ ਸਵਾਲ ਪੁਛਣ ਦੀ, ਦਲੀਲ ਦੇਣ ਦੀ, ਦਲੀਲ ਤੇ ਕਾਇਲ ਹੋਣ ਦੀ ਰੁੱਚੀ ਹੋਵੇ, ਅਸੀਂ ਵਹਿਮਾਂ ਤੋਂ ਛੁਟਕਾਰਾ ਪਾਈਏ। ਹੱਥਾਂ ਤੇ ਲਿਖੀਆਂ ਤਕਦੀਰਾਂ ਦੇ ਵਿਸ਼ਵਾਸ ਤੋਂ ਛੁਟਕਾਰਾ ਪਾਈਏ। ਦੁਨੀਆਂ ਜੇਕਰ ਚੰਨ ਤੇ ਪੁੱਜ ਗਈ ਹੈ ਤਾਂ ਅਸੀਂ ਕੱਚਿਆਂ ਵਿਚ ਕਿਉਂ ਜੀਂਦੇ ਜਾਈਏ ? ਇਹ ਕਾਰਨ ਜਾਣਨਾ ਸਾਡਾ ਉਤਨਾ ਹੀ ਫਰਜ਼ ਹੈ ਜਿਤਨਾ

---

### ਇਸ ਅੰਕ ਵਿੱਚ

ਸੰਪਾਦਕੀ o ਕੁਝ ਟਿੱਪਣੀਆਂ/ਗੁਰਸ਼ਰਨ ਸਿੰਘ ਅਤੇ ਜਸਵੰਤ ਖਾਲੜਾ

ਇਤਿਹਾਸਕ ਦਸਤਾਵੇਜ਼—ਮਜ਼ਦੂਰ ਜਮਾਤ ਨੂੰ ਸੌ ਸਵਾਲ/ਕਾਰਲ ਮਾਰਕਸ

ਮਿੰਨੀ ਕਹਾਣੀ—ਕੀ ਹੁਣ ਬੱਚਿਆਂ ਨੂੰ ਰੋਟੀ ਮਿਲਣ ਲੱਗਗੀ/ਨਵਦੀਪ ਬਾਗੀ

ਵਿਅੰਗ—ਕਰ ਕਮਲ ਹੋ ਗਏ/ਹਰੀ ਸ਼ੰਕਰ ਪਰਸਾਈ o ਕਵਿਤਾ—ਸੜਕਾਂ ਤੇ ਪਲਦੇ ਜਿਸਮਾਂ ਦੀ ਗੱਲ/ਰਾਜਪਾਲ

**ਬਨਾਮ ਫ਼ੌਜੀ**—ਫ਼ੌਜੀ ਜਵਾਨਾਂ ਦੇ ਮਸਲੇ ਤੇ ਇਕ ਟਿੱਪਣੀ, ਕਵਿਤਾ/ਸਰਬਜੀਤ ਸਿੰਘ ਤਲਾਵਾਂ ਅਤੇ ਇਕ ਚਿੱਠੀ।

**ਪਾਠਕ ਲੇਖਕ ਫੋਰਮ**—ਸਿੱਖ ਮਤ ਬਾਰੇ/ਗੁਰਨਾਮ ਸਿੰਘ o ਅਖੌਤੀ ਪੰਜਾਬੀ-ਹਿੰਦੂਆਂ ਨਾਲ ਦੋ ਗੱਲਾਂ/ ਹਰੀਸ਼ ਮਲਹੋਤਰਾ o ਮਜ਼ਹਬ ਤੇ ਅੱਤਵਾਦ/ਸਰਦਾਰ ਬਸਰਾ o ਪੱਛੜ ਰਹੇ ਸਭਿਆਚਾਰਕ ਇਨਕਲਾਬ ਤੇ ਵਿਚਾਰ / ਜਗਰੂਪ ਸਿੰਘ ਰੂਪ **ਲੇਖ**—ਮਸਲਾ ਰਾਵੀ ਬਿਆਸ ਦੇ ਪਾਣੀਆਂ ਦਾ/**ਪ੍ਰੋ. ਐਮ.ਸੀ. ਭਾਰਦਵਾਜ**

ਸਾਡਾ ਫਰਜ਼ ਖੇਤਾਂ ਵਿਚ ਖੇਤੀ ਉਗਾਣਾ ਹੈ ।

ਪਹਿਲੀ ਗੱਲ ਇਥੋਂ ਸ਼ੁਰੂ ਕਰੀਏ ਕਿ 1947 ਦੇ ਮੁਕਾਬਲੇ ਵਿਚ ਖੇਤੀ ਜੇਕਰ 8 ਗੁਣਾ ਕੀਤੀ ਹੈ ਅਤੇ ਸਾਡੀ ਜ਼ਿੰਦਗੀ ਦੀ ਹਾਲਤ ਸਾਰੀ ਇਕ ਤੋਂ ਡੇਢ ਗੁਣਾ ਅੱਗੇ ਗਈ ਹੈ ਤਾਂ ਸਾਡੇ ਸਾਢੇ ਛੇ ਹਿੱਸੇ ਜ਼ਰੂਰ ਲੁੱਟੇ ਗਏ ਹਨ । ਉਹ ਸਾਡੀ ਤਰੱਕੀ ਵਾਸਤੇ ਨਹੀਂ ਵਰਤੇ ਗਏ ।

ਦੂਜੀ ਗੱਲ ਇਹ ਲਈਏ ਕਿ ਜੇਕਰ ਅਸੀਂ ਲੁੱਟੇ ਪਏ ਜਾਂਦੇ ਹਾਂ ਤਾਂ ਲੁੱਟਣ ਵਾਲਾ ਕੌਣ ਹੈ ? ਸਾਫ ਹੈ ਕਿ ਜਿਹੜੇ ਸਾਡੀ ਜਿਨਸ ਨੂੰ ਚੁੱਕ ਰਹੇ ਹਨ, ਉਹੀ ਸਾਨੂੰ ਲੁੱਟ ਰਹੇ ਹਨ। ਇਸ ਵੇਲੇ ਇਹ ਏਜੰਸੀ ਸਰਕਾਰ ਜਾਂ ਉਹਦੇ ਨਾਲ ਸਬੰਧਤ ਅਦਾਰੇ ਹਨ, ਤੀਜੀ ਗੱਲ ਇਹ ਜਾਨਣਾ ਹੈ ਕਿ ਜਿਹੜੇ ਸਾਡੀ ਲੁੱਟ ਕਰ ਰਹੇ ਹਨ, ਉਹ ਕਿਉਂ ਕਰ ਰਹੇ ਹਨ ? ਕੀ ਉਹ ਇਕਲੇ ਹਨ ਜਾਂ ਉਹਨਾਂ ਦੇ ਕੋਈ ਹੋਰ ਭਾਈਵਾਲ ਵੀ ਹਨ ? ਇਥੇ ਗਲ ਸਿਆਸਤ ਦੀ ਸੂਝ ਦੀ ਹੈ । ਹਿੰਦੋਸਤਾਨ ਦਾ ਅਰਥਚਾਰਾ ਇਕ ਸਰਮਾਏਦਾਰੀ ਸਿੱਸਟਮ ਹੈ । ਜਿਹੜਾ ਦੁਨੀਆਂ ਦੀ ਵੱਡੀ ਸਰਮਾਏਦਾਰੀ ਦਾ ਇਕ ਅੰਗ ਹੈ । ਹਿੰਦੋਸਤਾਨ ਦੀ ਸਰਮਾਏਦਾਰੀ ਨੂੰ ਆਪਣੇ ਵਿਕਾਸ ਲਈ ਦੁਨੀਆਂ ਦੀ ਸਰਮਾਏਦਾਰੀ ਦੀ ਸਹਾਇਤਾ ਚਾਹੀਦੀ ਹੈ ਤੇ ਇਸ ਸਹਾਇਤਾ ਦੇ ਬਦਲੇ ਵਜੋਂ ਉਹ ਆਪਣੇ ਦੇਸ਼ ਵਿਚ ਕੱਚਾ ਮਾਲ ਪੈਦਾ ਕਰਨ ਵਾਲਿਆਂ ਦੀ ਲੁੱਟ ਵਿਚ ਬਦੇਸ਼ੀਆਂ ਨੂੰ ਭਾਈਵਾਲ ਬਣਾਂਦਾ ਹੈ । ਦਰਾਮਦ ਬਰਾਮਦ ਬੀਆਂ ਸਾਰੀਆਂ ਪਾਲਸੀਆਂ ਇਸ ਲੁੱਟ ਤੇ ਚਲਦੀਆਂ ਹਨ । ਮਿਸ ਲਾਂ ਸਪੱਸ਼ਟ ਕਰਨਗੀਆਂ । ਕੁਝ ਸਾਲ ਪਹਿਲਾਂ 100 ਕਵਿੰਟਲ ਨਰਮਾ ਵੇਚਿਆ ਜਾਏ ਤਾਂ ਕਿਸਾਨ ਕਹਿ ਸਕਦਾ ਸੀ ਕਿ ਉਹ ਇਕ ਟਰੈਕਟਰ ਦੀ ਕੀਮਤ ਦੇਣ ਦੇ ਯੋਗ ਹੈ, ਪਰ ਹੁਣ ਉਹ 500 ਕਵਿੰਟਲ ਵੀ ਵੇਚੇ ਤਾਂ ਟਰੈਕਟਰ ਦੀ ਕੀਮਤ ਨਹੀਂ ਵਸੂਲ ਸਕਦਾ । ਕਿਸਾਨਾਂ ਦੀ ਜਿਨਸ ਦੀ ਕੀਮਤ ਉਥੇ ਖਲੋਤੀ ਹੈ, ਪਰ ਉਹਦੀਆਂ ਵਰਤਨ ਦੀਆਂ ਚੀਜ਼ਾਂ ਜਿਨ੍ਹਾਂ ਦੇ ਉਤਪਾਦਨ ਵਿਚ ਬਦੇਸ਼ੀਆਂ ਦੀ ਸਿੱਧੀ ਜਾਂ ਅਸਿੱਧੀ ਭਾਈਵਾਲੀ ਹੈ, ਉਹ ਮਹਿੰਗੀਆਂ ਤੋਂ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ । ਕਿਸਾਨ ਨੂੰ ਵਾਧੂ ਖੇਤੀ ਦਾ ਕੋਈ ਵੀ ਲਾਹਾ ਨਹੀਂ ਪੁੱਜਦਾ । ਜਨਸਾਧਾਰਨ ਕੰਗਾਲ ਤੋਂ ਕੰਗਾਲ ਹੁੰਦੀ ਜਾ ਰਹੀ ਹੈ ।

ਚੌਥੀ ਗੱਲ ਕਿ ਕੀ ਇਹ ਲੁੱਟ ਸਾਰਿਆਂ ਦੀ ਹੋ ਰਹੀ ਹੈ । ਸਾਫ ਹੈ ਕਿ ਨਹੀਂ । ਕਿਉਂਕਿ ਇਸ ਦੇਸ਼ ਵਿਚ ਅਰਥਚਾਰੇ ਦਾ ਖਾਸਾ ਇਹ ਬਣਦਾ ਜਾ ਰਿਹਾ ਹੈ ਕਿ ਦੌਲਤ ਕੁਝ ਉਤਲਿਆਂ ਦੇ ਹੱਥਾਂ ਵਿਚ ਜਮਾਂ ਹੁੰਦੀ ਜਾ ਰਹੀ ਹੈ ਤੇ ਥੱਲੇ ਵਾਲੇ ਕੰਗਾਲ ਹੁੰਦੇ ਜਾ ਰਹੇ ਹਨ ? ਅੰਕੜਿਆਂ ਦਾ ਇਕ ਵਿਸ਼ਲੇਸ਼ਣ ਕਹਿੰਦਾ ਹੈ ਕਿ ਦੇਸ਼ ਦੇ ਥੱਲੇ ਵਾਲੇ 32 ਫੀ ਸਦੀ ਲੋਕਾਂ ਕੋਲ ਦੇਸ਼ ਦੀ 7 ਫੀਸਦੀ ਦੌਲਤ ਹੈ, ਜਦੋਂ ਕਿ ਉਤਲੇ 7 ਫੀ ਸਦੀ ਲੋਕਾਂ ਕੋਲ 32% ਦੌਲਤ ਹੈ, ਸੋ ਇਸ ਤੋਂ ਸਾਫ ਹੈ ਕਿ ਲੁੱਟ ਵਿਚ ਕੁਝ ਉੱਤਲੇ ਹਿੰਦੋਸਤਾਨੀ ਅਮੀਰਾਂ ਦਾ ਬਦੇਸ਼ੀਆਂ ਨਾਲ ਪੂਰਾ ਹਿੱਸਾ ਹੈ ।

ਉਤਲੀਆਂ ਚਾਰ ਗੱਲਾਂ ਜਾਣਕੇ ਕੁਦਰਤੀ ਹੀ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਸਭ ਕੁਝ ਹੋ ਰਿਹਾ ਹੈ ਤਾਂ ਇਹਦੇ ਵਿਚ ਸਰਕਾਰ ਦੀ ਪੂਰੀ ਮਨਜ਼ੂਰੀ ਹੈ। ਇਸ ਲਈ ਇਹ ਸਰਕਾਰ ਉਹਨਾਂ ਦੀ ਹੈ. ਜੋ ਲੁੱਟ ਕਰਨ ਵਾਲਿਆਂ ਦੇ ਹਿੱਤ ਪੂਰਦੀ ਹੈ । ਜ਼ਾਹਰਾ ਤੌਰ ਤੇ ਇਥੇ ਬਦੇਸ਼ੀ ਰਾਜ ਨਹੀਂ ਪਏ ਕਰਦੇ (ਜਿਸ ਤਰ੍ਹਾਂ, 1947 ਤੋਂ ਪਹਿਲਾਂ ਕਰਦੇ ਸਨ), ਹੁਣ ਰਾਜ ਹਿੰਦੋਸਤਾਨੀਆਂ ਦਾ ਹੈ ਅਤੇ ਇਹ ਹਿੰਦੋਸਤਾਨੀ ਉਹੀ ਹਨ ਜੋ ਉਤਲੇ 7% ਅਤੇ ਉਹਨਾਂ ਦੇ ਬਦੇਸ਼ੀ ਭਾਈਵਾਲਾਂ ਦੇ ਹਿਤਾਂ ਦੀ ਰਖਵਾਲੀ ਕਰਦੇ ਹਨ ।

ਜੇਕਰ ਅਸੀਂ ਇਸ ਸਾਰੇ ਸਿਸਟਮ ਨੂੰ ਖਤਮ ਕਰਨਾ ਹੈ ਤਾਂ ਸਾਨੂੰ ਦੁਸ਼ਮਣ ਦੀ ਸਪੱਸ਼ਟ ਪਛਾਣ ਚਾਹੀਦੀ ਹੈ ਅਤੇ ਇਹ ਦੁਸ਼ਮਣ ਉਹ ਲੋਕ ਹਨ ਜੋ ਇਸ ਸਿੱਸਟਮ ਨੂੰ ਕਾਇਮ ਰਖਣਾ ਚਾਹੁੰਦੇ ਹਨ । ਅਸਾਵਾਂ ਵਿਕਾਸ (Lopsided Development) ਇਸ ਸਿੱਸਟਮ ਦਾ ਵੱਡਾ ਚਿੰਨ ਹੈ । ਜਿਹੜੇ ਲੋਕ ਹਿੰਦੋਸਤਾਨ ਦੀ ਵਿਸ਼ਾਲ ਜਨਤਾ ਨੂੰ ਖੁਸ਼ਹਾਲੀ ਦੇ ਰਾਹ ਵੱਲ ਤੋਰਨਾ ਚਾਹੁੰਦੇ ਹਨ, ਉਹਨਾਂ ਦੀ ਸਾਰੀ ਲਾਮਬੰਦੀ ਜਾਂ ਲੜਾਈ ਦਾ ਮੁੱਖ ਨਿਸ਼ਾਨਾ ਇਹ ਸਿੱਸਟਮ ਖਤਮ ਕਰਨਾ ਤੇ ਇਹਦੀ ਥਾਂ ਸਾਂਵੇਂ ਵਿਕਾਸ (Balanced Development) ਵਾਲਾ ਸਿੱਸਟਮ ਕਾਇਮ ਕਰਨਾ ਹੈ, ਤਾਂ ਜੋ ਵਿਕਾਸ ਦਾ ਫਾਇਦਾ ਕੁਝ ਨੂੰ ਨਹੀ, ਵਿਸ਼ਾਲ ਲੋਕਾਂ ਨੂੰ ਹੋਵੇ। ਇਹ ਸਿੱਸਟਮ ਸਮਾਜਕ ਮਲਕੀਅਤ (Social Ownership) ਦਾ ਸਿੱਸਟਮ ਹੈ ।

ਦੁਸ਼ਮਣ ਲੋਕ ਜਿਨ੍ਹਾਂ ਨੂੰ ਇਸ ਨਿਜ਼ਾਮ ਵਿਚ ਸਭ ਕੁਝ ਮਿਲਿਆ ਹੋਇਆ ਹੈ, ਉਹਨਾਂ ਦਾ ਇਹ ਯਤਨ ਹੋਵੇਗਾ ਕਿ ਸਾਡੀ ਲੜਾਈ ਨੂੰ ਧੁੰਦਲਾ ਕਰਨ । ਉਹ ਕੁਝ ਜ਼ਾਤੀ ਕਾਰਨਾਂ ਕਰਕੇ ਵੱਖ ਵੱਖ ਪਾਰਟੀਆਂ ਬਣਾਕੇ ਆਪਸ ਵਿਚ ਇਕ ਬਣਾਵਟੀ ਜਿਹੀ ਲੜਾਈ ਛੇੜੀ ਰਖਣਗੇ । ਸਾਰਾ ਪ੍ਰੈਸ ਉਹਨਾਂ ਦਾ ਹੱਥ ਠੋਕਾ ਹੈ । ਇਹ ਇਕ

ਦੂਜੇ ਦੇ ਵਿਰੁਧ ਬਿਆਨ ਦਾਗਦੇ ਹਨ। ਉਹ ਮੰਗਾਂ ਜਿਨ੍ਹਾਂ ਦਾ ਲੋਕਾਂ ਦੀ ਬੇਹਤਰੀ ਨਾਲ ਕੋਈ ਤੁਅਲਕ ਨਹੀਂ, (ਚੰਡੀਗੜ੍ਹ ਦੀ ਮੰਗ ਵਰਗੀਆਂ ਮੰਗਾਂ) ਉਹਦੇ ਵਾਸਤੇ ਮਰਨ ਮਰਾਨ ਦੀਆਂ ਤਿਆਰੀਆਂ ਵਾਲੇ ਪੈਂਤੜੇ ਬਦਲਣਗੇ। ਅਖਬਾਰਾਂ ਦੀਆਂ ਵੱਡੀਆਂ ਸੁਰਖੀਆਂ ਲੋਕਾਂ ਦਾ ਧਿਆਨ ਇਹਨਾਂ ਮੰਗਾਂ ਵੱਲ ਕੇਂਦਰਤ ਕਰਨਗੀਆਂ। ਕੋਈ ਪੁੱਛੇ ਕਿ ਚੰਡੀਗੜ੍ਹ ਯੂਨੀਅਨ ਇਲਾਕੇ ਬਣਨ ਦੀ ਥਾਂ ਪੰਜਾਬ ਸਰਕਾਰ ਥੱਲੇ ਆ ਜਾਏ ਤਾਂ ਪੰਜਾਬ ਦੇ ਕਿਸਾਨਾਂ ਜਾਂ ਗ਼ਰੀਬ ਲੋਕਾਂ ਦੀ ਜ਼ਿੰਦਗੀ ਵਿਚ ਕੀ ਫਰਕ ਪੈਂਦਾ ਹੈ ? ਲੋਕਾਂ ਦੀਆਂ ਅਸਲੀ ਮੰਗਾਂ ਕਾਂਗਰਸ—ਅਕਾਲੀ—ਭਿੰਡਰਾਂ ਵਾਲਿਆਂ ਦੀ ਲੜਾਈ ਵਿਚ ਕਿਧਰੇ ਪਿਛੇ ਹੀ ਸੁੱਟੀਆਂ ਗਈਆਂ ਹਨ।

ਇਸ ਲਈ ਉਹ ਲੋਕ ਜਿਹੜੇ ਇਸ ਸਮਾਜ ਵਿਚ ਸਰਮਾਏਦਾਰੀ ਤੋਂ ਸਮਾਜਵਾਦ ਵਰਗੀਆਂ ਇਨਕਲਾਬੀ ਤਬਦੀਲੀਆਂ ਚਾਹੁੰਦੇ ਹਨ, ਉਹਨਾਂ ਦਾ ਫਰਜ਼ ਬਣਦਾ ਹੈ ਕਿ ਲੋਕਾਂ ਨੂੰ ਸਾਦੀਆਂ ਤੇ ਸਪੱਸ਼ਟ ਮਿਸਾਲਾਂ ਦੇ ਕੇ ਚੇਤਨ ਕਰਨ। ਪਹਿਲਾ ਕਦਮ ਲੋਕਾਂ ਨੂੰ ਇਸ ਲੁੱਟ ਖਸੁੱਟ ਦੇ ਵਿਰੁੱਧ ਆਰਥਕਤਾ ਦੇ ਦੁਆਲੇ ਲਾਮਬੰਦ ਕਰਨਾ ਹੈ। ਸੰਘਰਸ਼ ਨੂੰ ਫੇਰ ਇਨਕਲਾਬੀ ਦਿਸ਼ਾ ਦੇਣੀ ਹੋਵੇਗੀ ਤੇ ਨਿਸ਼ਾਨਾ ਇਹ ਹੋਵੇਗਾ ਕਿ ਰਾਜਸੀ ਤਾਕਤ ਉਹਨਾਂ ਕੋਲ ਆਵੇ ਜੋ ਇਸ ਸਿਸਟਮ ਵਿਚ ਬੁਨਿਯਾਦੀ ਤਬਦੀਲੀਆਂ ਕਰਨ ਦੇ ਵਚਣਬੱਧ ਹੋਣ। ਇਹ ਲੰਮਾ ਸੰਘਰਸ਼ ਇਸ ਤਰੀਕੇ ਨਾਲ ਚਲਾਇਆ ਜਾਏ ਕਿ ਉਹਦਾ ਪ੍ਰਭਾਵ ਇਹ ਹੋਵੇ ਕਿ ਅਸੀਂ ਤਾਕਤ ਦੇ ਭੁੱਖੇ ਨਹੀਂ ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਤਾਕਤ ਖੋਹੇ ਬਿਨਾਂ ਅਸੀਂ ਅਪਣੇ ਲੋਕਾਂ ਦਾ ਭਲਾ ਨਹੀਂ ਕਰ ਸਕਦੇ। ਸਾਦਾ ਤੇ ਸਪੱਸ਼ਟ ਤਰੀਕੇ ਨਾਲ ਲੋਕਾਂ ਵਿਚ ਵਿਚਰਨਾ ਅਤੇ ਉਹਨਾਂ ਦਾ ਵਿਸ਼ਵਾਸ ਜਿੱਤਕੇ ਆਪਣੀ ਦਿਸ਼ਾ ਵੱਲ ਵਧਨਾ ਸਾਡਾ ਨਿਸ਼ਾਨਾ ਹੋਣਾ ਚਾਹੀਦਾ ਹੈ।

○ **ਗੁਰਸ਼ਰਨ ਸਿੰਘ**

---

## ਕੁਝ ਟਿੱਪਣੀਆਂ

### 1. ਨਵੀਂ ਪਾਰਟੀ ਦਾ ਜਨਮ :

1667 ਦੀ ਨਕਸਲਬਾੜੀ ਕਿਸਾਨੀ ਬਗਾਵਤ ਤੋਂ ਪ੍ਰੇਰਨਾ ਲੈ ਕੇ ਬਾਕੀ ਹਿੰਦੋਸਤਾਨ ਵਾਂਗ ਪੰਜਾਬ ਵਿਚ ਵੀ ਹਜ਼ਾਰਾਂ ਨੌਜਵਾਨ ਇਸ ਲਹਿਰ ਵੱਲ ਖਿੱਚੇ ਗਏ ਸਨ। ਇਹਨਾਂ ਵਿਚ ਕੁਝ ਉਹ ਸਨ ਜਿਨ੍ਹਾਂ ਦੀ ਸਥਾਪਤ ਕਮਿਊਨਿਸਟ ਪਾਰਟੀਆਂ ਦੀਆਂ ਕਾਰਗੁਜ਼ਾਰੀਆਂ ਨਾਲ ਤਸੱਲੀ ਨਹੀਂ ਸੀ ਪਰ ਬਹੁਤ ਸਾਰੇ ਉਹ ਸਨ ਜਿਨ੍ਹਾਂ ਦਾ ਇਨਕਲਾਬੀ ਲਹਿਰ ਵਿਚ ਦਾਖਲਾ ਇਸ ਸਿਸਟਮ ਦੇ ਦਮਨ ਦੇ ਪ੍ਰਤੀਕਰਮ ਵੱਜੋਂ ਸੀ। ਰਾਜਸੀ ਤਾਕਤ ਬੰਦੂਕ ਦੀ ਨਾਲੀ ਤੋਂ ਨਿਕਲਦਾ ਹੈ, ਇਹ ਉਹਨਾਂ ਦਾ ਅਕੀਦਾ ਅਤੇ ਨਾਅਰਾ ਸੀ। ਉਹ ਪਹਿਲੇ ਇਕ ਲਹਿਰ ਵਿਚ ਜਥੇਬੰਦ ਸਨ, ਫੇਰ ਵੱਖ ਵੱਖ ਗਰੁਪਾਂ ਵਿਚ ਵੀ ਵੰਡੇ ਗਏ। ਉਹਨਾਂ ਨੇ ਆਪਣੀ ਵਿਤ ਮੁਤਾਬਿਕ ਇਨਕਲਾਬ ਦਾ ਸੁਨੇਹਾ ਲੋਕਾਂ ਤੱਕ ਪੁਚਾਇਆ। ਹਾਕਮਾਂ ਦਾ ਜੱਬਰ ਖਿੜੇ ਮੱਥੇ ਸਿਹਾ, ਹਰ ਕਿਸਮ ਦੀ ਕੁਰਬਾਨੀ ਵੀ ਦਿਤੀ, ਪਰ ਇਹ ਮਹਿਸੂਸ ਕੀਤਾ ਗਿਆ ਕਿ ਲੋਕਾਂ ਤੱਕ ਉਹ ਇਨਕਲਾਬ ਦਾ ਸੁਨੇਹਾ ਉਸ ਸ਼ਿੱਦਤ ਨਾਲ ਪੁਚਾ ਸਕੇ ਜਿਹੜਾ ਉਹਨਾਂ ਨੂੰ ਲੰਮੀ ਨੀਂਦ ਤੋਂ ਜਗਾਂਦਾ। ਕੁਝ ਚਿਰ ਬਾਅਦ ਹੀ ਇਸ ਗੱਲ ਦਾ ਅਹਿਸਾਸ ਲਹਿਰ ਦੇ ਕਾਰਕੁਨਾਂ ਨੂੰ ਹੋਇਆ। ਇਕ ਘੋਖ ਸ਼ੁਰੂ ਹੋਈ ਕਿ ਅਸੀਂ ਲੋਕਾਂ ਤੱਕ ਕਿਉਂ ਨਹੀਂ ਪਹੁੰਚ ਸਕੇ। ਇਸ ਘੋਖ ਵਿਚ ਹੋਰਨਾਂ ਸੋਚਾਂ ਵਿਚੋਂ ਇਕ ਸੋਚ ਇਹ ਵੀ ਨਿਕਲੀ ਕਿ ਇਨਕਲਾਬ ਦੀ ਗੱਲ ਉਹਨਾਂ ਲੋਕਾਂ ਤੱਕ ਨਹੀਂ ਪੁੱਜੀ, ਜਿਨ੍ਹਾਂ ਨੂੰ ਇਨਕਲਾਬ ਦੀ ਸਭ ਤੋਂ ਵੱਧ ਲੋੜ ਹੈ। ਵਿਦਿਆਰਥੀ ਵਰਗ, ਮੁਲਾਜ਼ਮ ਵਰਗ ਇਨਕਲਾਬ ਦਾ ਸਹਿਯੋਗੀ ਜ਼ਰੂਰ ਹੋ ਸਕਦਾ ਹੈ ਪਰ ਇਨਕਲਾਬ ਦੀ ਨੀਂਹ ਮਜ਼ਦੂਰ ਵਰਗ ਹੀ ਬਣ ਸਕਦਾ ਹੈ। ਮਹਿਸੂਸ ਕੀਤਾ ਗਿਆ ਕਿ ਇਸ ਵਰਗ ਵਿਚ ਇਨਕਲਾਬ ਦੀ ਗੱਲ ਪੂਰੀ ਤਰ੍ਹਾਂ ਨਹੀਂ ਪੁੱਜੀ, ਗ਼ੈਰਇਨਕਲਾਬੀ ਅਨਸਰਾਂ ਨੇ ਇਸ ਵਰਗ ਨੂੰ ਸਿਰਫ ਆਰਥਕਤਾ ਦੀ ਲੜਾਈ ਤੱਕ ਹੀ ਸੀਮਤ ਰਖਿਆ ਹੈ, ਤੇ ਉਹਨਾਂ ਦੀ ਇਹ ਲੜਾਈ ਨੂੰ ਵੀ ਬਹੁਤਾ ਕਾਨੂੰਨੀ ਹੱਦਾਂ ਵਿਚ ਮਹਿਦੂਦ ਹੀ ਰਖਿਆ ਗਿਆ ਹੈ, ਇਸਦੇ ਨਾਲ ਹੀ ਇਸ ਵਰਗ ਨੂੰ ਇਹ ਵੀ ਸੂਝ ਦੇਣ ਲਈ ਕੰਮ ਨਹੀਂ ਕੀਤਾ ਗਿਆ ਕਿ ਉਹ ਸੰਸਾਰ ਭਰ ਦੇ ਪ੍ਰੋਲਤਾਰੀਆਂ ਦਾ ਇਕ ਅੰਗ ਹੈ ਅਤੇ ਹੋਰਨਾਂ ਥਾਵਾਂ ਤੇ ਪ੍ਰੋਲਤਾਰੀ ਵਰਗ ਦੀ ਲੜਾਈ ਉਹਨਾਂ ਦੀ ਲੜਾਈ ਬਣਦੀ ਹੈ। ਇਹਨਾਂ ਸੋਚਾਂ ਨੂੰ ਮੁੱਖ ਸੋਚ ਬਣਾ ਕੇ ਇਨਕਲਾਬੀਆਂ ਦੀ ਇਕ ਧਿਰ ਨੇ ਮਜ਼ਦੂਰਾਂ ਦੇ ਕੌਮਾਂਤਰੀ ਦਿਨ ਪਹਿਲੀ ਮਈ ਨੂੰ ਲੁਧਿਆਣਾ ਵਿਚ ਇਕ ਕਨਵੈਨਸ਼ਨ ਕਰਕੇ ਆਪਣੇ ਆਪ ਨੂੰ ਇਨਕਲਾਬੀ ਕਮਿਊਨਿਸਟ ਪਾਰਟੀ ਆਫ ਇੰਡੀਆ ਦੀ ਪਾਰਟੀ ਦੇ ਨਾਂ ਨਾਲ ਜਥੇਬੰਦ ਕੀਤਾ ਹੈ। ਨਵੀਂ ਪਾਰਟੀ ਬਨਾਉਣ ਤੋਂ ਪਹਿਲਾਂ ਇਹਦੇ ਕਾਰਕੁਨਾਂ ਨੇ ਇਹ ਟੀਚਾ ਮਿਥਿਆ ਸੀ ਕਿ ਘੱਟ ਤੋਂ ਘੱਟ ਇਕ ਲੱਖ ਮਜ਼ਦੂਰਾਂ ਨਾਲ ਸੰਪਰਕ ਬਣਾਇਆ ਜਾਏ, ਇਹ ਕਰਨ ਲਈ ਉਹ ਗਰੁਪ ਬਣਾਕੇ ਮਜ਼ਦੂਰ ਬਸਤੀਆਂ ਵਿਚ ਗਏ। ਨਵੀਂ

ਪਾਰਟੀ ਦੇ ਇਹਨਾਂ ਯਤਨਾਂ ਦਾ ਸਵਾਗਤ ਕਰਦੇ ਹੋਏ ਇਹ ਗੱਲ ਵੇਖਣ ਵਾਲੀ ਹੋਵੇਗੀ ਕਿ ਇਹ ਪਾਰਟੀ ਦੇ ਕਾਰਕੁਨ ਲੋਕਾਂ ਵਿਚ ਵਿਚਰਨ ਵਿਚ ਕਿੰਨਾਂ ਕਾਮਯਾਬ ਹੁੰਦੇ ਹਨ ਇਨਕਲਾਬੀ ਕੇਡਰ ਨੂੰ ਸੰਗਠਨ ਕਰਨ ਵਿਚ ਇਹਨਾਂ ਦੀ ਕਾਮਯਾਬੀ ਵੀ ਇਕ ਦਿਲਚਸਪ ਅਧਿਐਨ ਹੋਵੇਗਾ।

## 2. ਕਾਰਲ ਮਾਰਕਸ ਦਾ ਇਤਿਹਾਸਕ ਦਸਤਾਵੇਜ਼

ਇਸ ਅੰਕ ਦੇ ਅਗਲੇ ਸਫਿਆਂ ਤੇ ਕਰਲ ਮਾਰਕਸ ਵਲੋਂ 'ਮਜ਼ਦੂਰ ਜਮਾਤ ਨੂੰ ਸੌ ਸਵਾਲ' ਦਾ ਇਕ ਦਸਤਾਵੇਜ਼ ਛਪਿਆ ਹੈ। ਇਸ ਦਸਤਾਵੇਜ਼ ਦਾ ਅਧਿਐਨ ਦਸਦਾ ਹੈ ਕਿ ਕਮਿਊਨਿਸਟ ਸਿਧਾਂਤ ਦੇ ਜਨਮਦਾਤਾ ਨੇ ਆਪਣੇ ਇਤਹਾਸਕ ਨਿਰਣਿਆਂ ਤੇ ਪੁੱਜਣ ਦੀ ਖਾਤਰ ਪਹਿਲਾਂ ਕਿੰਨਾਂ ਘੋਖਵਾਂ ਕੰਮ ਕੀਤਾ। ਆਪਣੇ ਇਨਕਲਾਬੀ ਵੀਰਾਂ ਨੂੰ ਇਕ ਬੇਨਤੀ ਹੈ ਕਿ ਹਿੰਦੋਸਤਾਨ ਤੇ ਖਾਸ ਕਰਕੇ ਪੰਜਾਬ ਦੀ ਸਥਿਤੀ ਬਾਰੇ ਪਹਿਲੇ ਇਕ ਘੋਖ ਪੱਤ੍ਰ ਤਿਆਰ ਕਰਨ ਵੱਲ ਧਿਆਨ ਦਿਤਾ ਜਾਏ ਜਿਸ ਵਿਚ ਸਵਾਲ ਸ਼ਾਮਿਲ ਹੋਣ—ਪੰਜਾਬ ਦੀ ਕੁਲ ਆਮਦਨ ਕਿੰਨੀ ਹੈ? ਇਹ ਪਿਛਲੇ ਸਾਲਾਂ ਵਿਚ ਕਿਸ ਤਰ੍ਹਾਂ ਵਧੀ ਜਾਂ ਘਟੀ? ਇਸ ਆਮਦਨ ਦੀ ਵੰਡ ਕਿਸ ਤਰ੍ਹਾਂ ਹੈ? ਇਸ ਵਿਚ ਕਿਸਾਨੀ ਦਾ ਕਿੰਨਾਂ ਹਿੱਸਾ ਹੈ? ਉਦਯੋਗ ਵੱਲੋਂ ਕਿੰਨਾ ਹਿੱਸਾ ਹੈ? ਵਪਾਰ ਦਾ ਕੀ ਪੈਟਰਨ ਹੈ? ਆਮਦਨ ਦੇ ਲਿਹਾਜ਼ ਨਾਲ ਇਸ ਵਿਚ ਕੀ ਕੀ ਵਰਗ ਹਨ? ਉਹਨਾਂ ਵਿਚ ਫਿਰਕੂ ਜਾਂ ਜ਼ਾਤ-ਪਾਤ ਬਾਰੇ ਕੀ ਵਿਚਾਰਧਾਰਾ ਹੈ? ਉਹਨਾਂ ਦਾ ਕਲਚਰਲ ਪੈਟਰਨ ਕੀ ਹੈ? ਉਹਨਾਂ ਦੇ ਟੱਬਰਾਂ ਦੀ ਰਹਿਣੀ ਸਹਿਣੀ ਕਿਸ ਤਰ੍ਹਾਂ ਹੈ?—ਵਿਸਥਾਰ ਨਾਲ ਇਹ ਵੀ ਸੌ ਸਵਾਲਾਂ ਦੀ ਸੂਚੀ ਬਣ ਸਕਦੀ ਹੈ। ਕੁਝ ਸਵਾਲਾਂ ਦੇ ਜਵਾਬ ਪਾਰਟੀ ਵਰਕਰ ਸਿਧੇ ਮਜ਼ਦੂਰਾਂ ਵਿਚ ਜਾਕੇ ਪੁਛ ਸਕਦੇ ਹਨ। ਕੁਝ ਸਵਾਲਾਂ ਦੇ ਜਵਾਬ ਬੁਧੀਜੀਵੀਆਂ ਕੋਲੋਂ ਜਿਹੜੇ ਕਾਲਜਾਂ ਯੂਨੀਵਰਸਟੀਆਂ ਵਿਚ ਪੜ੍ਹਾਂਦੇ ਹਨ ਅਤੇ ਲਹਿਰ ਦੇ ਸਹਿਯੋਗੀ ਹਨ, ਇਕੱਠੇ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਉਸ ਵਰਗ ਦੀਆਂ ਦੁਖਦੀਆਂ ਰਗਾਂ ਤੇ ਉਂਗਲ ਰੱਖੀ ਜਾ ਸਕਦੀ ਹੈ, ਜਿਹਨਾਂ ਨੇ ਇਨਕਲਾਬ ਦਾ ਧੁਰਾ ਬਣਨਾ ਹੈ। ਸਾਡੇ ਕੰਮ ਕਾਰ ਦਾ ਤਰੀਕਾ ਸਥਿਤੀ ਅਨੁਸਾਰ ਹੋਣਾ ਚਾਹੀਦਾ ਹੈ। ਕਾਗਜ਼ਾਂ ਤੇ ਬਕਾਇਦਾ ਪਲੈਨ ਬਣਾਕੇ ਨਿਸ਼ਾਨੇ ਮਿਥਣੇ ਚਾਹੀਦੇ ਹਨ, ਜੇ ਮਿਥੇ ਹੋਏ ਨਿਸ਼ਾਨਿਆਂ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਪੜਚੋਲ ਤੋਂ ਆਪਾਂ ਪੜਚੋਲ ਕਰਕੇ ਕੰਮ ਦੇ ਤਰੀਕਿਆਂ ਵਿਚ ਸੁਧਾਰ ਹੋਣਾ ਚਾਹੀਦਾ ਹੈ। ਕਾਰਲ ਮਾਰਕਸ ਦਾ ਕੰਮ ਕਰਨ ਦਾ ਤਰੀਕਾ ਸਾਡੇ ਲਈ ਮਾਰਗ-ਦਰਸ਼ਨ ਦਾ ਕੰਮ ਕਰ ਸਕਦਾ ਹੈ।

## 3. ਕ੍ਰਾਂਤੀਕਾਰੀ ਸਾਹਿੱਤ ਸੱਭਾ, ਪੰਜਾਬ :

22 ਅਪ੍ਰੈਲ ਰਾਮਪੁਰਾ ਫੂਲ ਵਿਚ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਕਨਵੈਨਸ਼ਨ ਹੋਈ। ਦੋ ਸਾਲ ਦੇ ਤਜਰਬਿਆਂ ਉਤੇ ਪੂਰਾ ਵਿਚਾਰ ਵਟਾਂਦਰਾ ਹੋਇਆ। ਇਹ ਗੱਲ ਮਹਿਸੂਸ ਕੀਤੀ ਗਈ ਕਿ ਕ੍ਰਿਤੀ ਲੋਕਾਂ ਦੇ ਹਿੱਤਾਂ ਵਾਸਤੇ ਸਾਹਿਤ ਨੇ ਜਿਥੇ ਦਿਸ਼ਾ ਪ੍ਰਦਾਨ ਕਰਨੀ ਹੈ, ਉਥੇ ਉਹਦੀ ਭੂਮਿਕਾ ਸਰਗਰਮ ਸਿਆਸਤ ਨਾਲੋਂ ਜ਼ਰੂਰ ਵੱਖ ਹੋਣੀ ਹੈ, ਇਹਦੇ ਲਈ ਵਿਸ਼ਾਲਤਾ ਦੀ ਪਹੁੰਚ ਬਹੁਤ ਜ਼ਰੂਰੀ ਹੈ। ਕ੍ਰਾਂਤੀਕਾਰੀ ਸਾਹਿਤ ਵੱਲੋਂ ਇਕ ਨਵੇਂ ਐਲਾਨ ਨਾਮ ਦਾ ਖਰੜਾ ਵਿਚਾਰਿਆ ਗਿਆ ਅਤੇ ਕ੍ਰਾਂਤੀਕਾਰੀ ਸਾਹਿਤ ਲਈ ਆਲੋਚਨਾ ਵਿਧੀ ਬਾਰੇ ਮੋਟੇ ਨਿਯਮ ਮਿੱਥੇ ਗਏ। ਇਹ ਫੈਸਲਾ ਲਿਆ ਗਿਆ ਕਿ ਜਿਥੇ ਕ੍ਰਾਂਤੀ ਨਾਲ ਵਚਨਬਧ ਲੇਖਕਾਂ ਦੀ ਸੂਝ ਨੂੰ ਪ੍ਰਚੰਡ ਕਰਨ ਲਈ ਦੋਸਤਾਨਾ ਆਲੋਚਨਾ ਕੀਤੀ ਜਾਏ, ਉਥੇ ਕ੍ਰਾਂਤੀ ਦੁਸ਼ਮਣ ਸਾਹਿਤ ਜਾਂ ਉਹ ਸਾਹਿਤ ਜਿਹੜਾ ਲੋਕਾਂ ਨੂੰ ਸੰਘਰਸ਼ਾਂ ਤੋਂ ਪਰੇ ਲਿਜਾਂਦਾ ਹੈ, ਉਹਦਾ ਜ਼ੋਰਦਾਰ ਆਲੋਚਨਾ ਨਾਲ ਖੰਡਨ ਕੀਤਾ ਜਾਏ, ਜ਼ਿੰਦਗੀ ਵਲ ਸੁਹਿਰਦ ਜਦੋਂ ਕੋਈ ਲੇਖਕ ਲਿਖਣਾ ਸ਼ੁਰੂ ਕਰਦਾ ਹੈ ਤਾਂ ਬਹੁਤ ਸਾਰੇ ਪੜਾਵਾਂ ਵਿਚੋਂ ਲੰਘਦਾ ਹੈ। ਪਹਿਲਾ ਪੜਾਅ ਉਸ ਵੇਲੇ ਦਾ ਹੈ ਜਦੋਂ ਉਹ ਮਹਿਸੂਸ ਕਰਦਾ ਹੈ ਕਿ ਇਹ ਜ਼ਿੰਦਗੀ ਵਿਤਕਰਿਆਂ ਭਰੀ ਹੈ, ਦੂਜੇ ਪੜਾਅ ਵਿਚ ਉਹਨੂੰ ਇਹ ਸੋਝੀ ਆਂਦੀ ਹੈ ਕਿ ਇਹ ਵਿਤਕਰਿਆਂ ਦੇ ਕਾਰਨ ਕੀ ਹਨ? ਤੀਜੇ ਪੜਾਅ ਵਿਚ ਉਹ ਇਹਨਾਂ ਵਿਰੁਧ ਸੰਘਰਸ਼ ਕਰਨ ਵਾਲਿਆਂ ਨਾਲ ਜੁੜਦਾ ਹੈ ਤੇ ਸੰਘਰਸ਼ ਉਹਦੀ ਲੇਖਣੀ ਦਾ ਧੁਰਾ ਬਣਦੇ ਹਨ। ਚੌਥੇ ਪੜਾਅ ਵਿਚ ਉਹ ਸੰਘਰਸ਼ਸ਼ੀਲ ਲੋਕਾਂ ਦੀ ਕੁਰਬਾਨੀ ਦਾ ਮੁੱਲ ਪਾਂਦਾ ਹੈ। ਚੰਗਾ ਕ੍ਰਾਂਤੀਕਾਰੀ ਲੇਖਕ ਉਹੀ ਹੈ, ਜਿਸਦੇ ਵਿੱਚ ਇਹਨਾਂ ਸਾਰੇ ਪੜਾਵਾਂ ਦੀ ਸੋਝੀ ਹੋਵੇ ਤੇ ਨਾਲ ਹੀ ਇਸ ਸੂਝ ਨੂੰ ਸਾਹਿਤ ਦੇ ਮੁਹਾਵਰੇ ਵਿਚ ਪ੍ਰਗਟਾਉਣ ਦੀ ਪ੍ਰਤਿਭਾ ਹੋਵੇ। ਇਹ ਫੈਸਲਾ ਲਿਆ ਗਿਆ ਕਿ ਸਾਰੇ ਉਹ ਸਾਹਿਤਕਾਰ ਜਿਹੜੇ ਕ੍ਰਾਂਤੀ ਲਈ ਲਿਖਣਾ ਅਪਣਾ ਬਿਆਨ ਸਮਝਦੇ ਹਨ, ਉਹਨਾ ਨੂੰ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਜਥੇਬੰਦੀ ਵਿਚ ਆਉਣ ਲਈ ਪ੍ਰੇਰਿਆ ਜਾਏ ਤੇ ਉਹਨਾਂ ਸਾਹਿਤਕਾਰਾਂ ਤਕ ਵਿਸ਼ੇਸ਼ ਪਹੁੰਚ ਕੀਤੀ ਜਾਏ ਜਿਹੜੇ ਪਹਿਲੇ ਕੁਝ ਕਾਰਨਾਂ ਕਰਕੇ ਇਹਦੇ ਘੇਰੇ ਤੋਂ ਬਾਹਰ ਰਹੇ ਹਨ ਜਾਂ ਇਕ ਵਾਰੀ ਆਕੇ ਬਾਹਰ ਚਲੇ ਗਏ ਸਨ। ਕ੍ਰਾਂਤੀਕਾਰੀ ਸਾਹਿਤ ਨੂੰ ਛਾਪਣ ਅਤੇ ਲੋਕਾਂ ਤਕ ਲਿਜਾਣ ਦੀ ਯੋਜਨਾ ਬਣਾਈ ਗਈ। ਬੈਠਕਾਂ ਰਾਹੀਂ, ਗੋਸ਼ਟੀਆਂ ਰਾਹੀਂ ਕ੍ਰਾਂਤੀਕਾਰੀ ਸਾਹਿਤ ਨੂੰ ਪ੍ਰਚਾਰਕ ਦਾ ਟੀਚਾ ਵੀ ਮਿਥਿਆ ਗਿਆ। ਬਹੁਤ ਸਾਰੇ ਨਿਰਣੇ ਕੱਢਣ ਅਤੇ ਫੈਸਲੇ ਲੈਣ ਵਿਚ ਕ੍ਰਾਂਤੀ ਸਾਹਿਤ ਸਭਾ ਦੇ ਜਨਰਲ ਸਕੱਤ੍ਰ ਬਾਰੂ ਸਤਵਰਗ

ਦੀ ਸਵੈ ਆਲੋਚਨਾ ਨੇ ਸਹਾਇਤਾ ਕੀਤੀ । ਨਵੇਂ ਏਲਾਨਨਾਮਾ ਦੇ ਪੇਸ਼ ਨਜ਼ਰ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਜਥੇਬੰਦੀ ਜਲਦੀ ਹੀ ਕ੍ਰਾਂਤੀਕਾਰੀ ਸਾਹਿਤ-ਕਾਰਾਂ ਵੱਲ ਆਪਣੇ ਮਿਥੇ ਹੋਏ ਟੀਚਿਆਂ ਤੇ ਪੂਰਾ ਉਤਰੇਗੀ। ਸੰਪਰਕ ਲਈ ਤੇ ਹੋਰ ਜਾਣਕਾਰੀ ਲਈ ਬਾਰੂ ਸਤਵਰਗ, ਪਿੰਡ ਤੇ ਡਾਕਖਾਨਾ ਮਹਿਰਾਜ ਜ਼ਿਲਾ ਬਠਿੰਡਾ, ਨੂੰ ਲਿਖਿਆ ਜਾਣਾ ਚਾਹੀਦਾ ਹੈ।

## 4. ਕੀ ਇਨਕਲਾਬੀ ਅਤਿਵਾਦੀ ਹਨ ?

ਸਰਕਾਰੀ ਹਲਕਿਆਂ ਵਿਚ ਵੀ ਤੇ ਦੂਜੇ ਬੂਰਜੂਆ ਹਲਕਿਆਂ ਵਿਚ ਵੀ ਇਕ ਗਿਣੀ ਮਿੱਥੀ ਸਾਜ਼ਸ਼ ਥੱਲੇ ਇਨਕਲਾਬੀਆਂ ਵਾਸਤੇ ਅਤਿਵਾਦੀ ਵਰਗੇ ਨਿਖੇਧਾਤਮਕ ਸ਼ਬਦ ਵਰਤੇ ਜਾਂਦੇ ਹਨ ਅਤੇ ਉਹਨਾਂ ਨੂੰ ਧਾਰਮਕ ਜਨੂੰਨੀਆਂ ਨਾਲ ਹੀ ਨੱਥੀ ਕੀਤਾ ਜਾਂਦਾ ਹੈ। ਪਿਛੇ ਜਿਹੇ ਇਹ ਸ਼ੈਤਾਨੀ ਭਰੀ ਖਬਰ ਉਡਾਈ ਗਈ ਕਿ ਕੁਝ ਨਕਸਲਬਾੜੀ ਨਿਹੰਗਾਂ ਦੀ ਸ਼ਕਲ ਵਿਚ ਅਤਿਵਾਦੀ ਕਾਰਵਾਈਆਂ ਕਰ ਰਹੇ ਹਨ ਅਤੇ ਗੁਰੂ ਨਾਨਕ ਨਿਵਾਸ ਵਿਚ ਉਹਨਾਂ ਨੇ ਪਨਾਹ ਲਈ ਹੈ, ਨਕਸਲਬਾੜੀ ਹਲਕਿਆਂ ਵੱਲੋਂ ਇਸ ਖਬਰ ਦਾ ਜ਼ੋਰਦਾਰ ਖੰਡਨ ਕੀਤਾ ਗਿਆ। ਇਨਕਲਾਬੀਆਂ ਦਾ ਕਾਰਜਖੇਤ੍ਰ ਧਰਮ ਤੋਂ ਬਿਲਕੁਲ ਵੱਖਰਾ ਹੈ। ਇਨਕਲਾਬੀਆਂ ਨੂੰ ਆਪਣੇ ਕੰਮ ਵਿਚ ਬਹੁਤ ਵਾਰੀ ਗੁਪਤਵਾਸ ਹੋਣਾ ਪੈਂਦਾ ਹੈ। ਉਹ ਗੁਪਤਵਾਸ ਹੋਕੇ ਅਪਣੇ ਲੋਕਾਂ ਦੇ ਦਰਮਿਆਨ ਹੀ ਰਹਿੰਦੇ ਹਨ, ਜੇ ਉਹਨਾਂ ਗੁਪਤਵਾਸ ਹੋਕੇ ਨਿਹੰਗ ਹੀ ਬਣਨਾ ਹੈ ਤਾਂ ਉਹ ਅਪਣੇ ਇਨਕਲਾਬੀ ਕਾਰਜ ਨੂੰ ਕਿਸ ਤਰ੍ਹਾਂ ਨਿਭਾ ਸਕਦੇ ਹਨ ? ਅਤਿਵਾਦੀ ਉਹ ਹੈ ਜੋ ਦਲੀਲ ਤੋਂ ਅੱਖਾਂ ਬੰਦ ਕਰਕੇ ਕੋਈ ਕਾਰਵਾਈ ਕਰਦਾ ਹੈ, ਇਨਕਲਾਬੀਆਂ ਦੀ ਤਾਂ ਸਾਰੀ ਹੋਂਦ ਦਲੀਲ ਤੇ ਖੜੀ ਹੈ। ਝੂਠ ਤੇ ਦਮਨ ਨਾਲ ਸਮਝੌਤਾ ਕਰਕੇ ਉਹ ਮੌਕਾ ਪ੍ਰਸਤੀ ਦਾ ਸ਼ਿਕਾਰ ਨਹੀਂ ਹੁੰਦੇ, ਇਸ ਲਈ ਸ਼ਾਇਦ ਉਹ ਹਾਕਮਾਂ ਦੀਆਂ ਅੱਖਾਂ ਵਿਚ ਸਭ ਤੋਂ ਵੱਧ ਰੜਕਦੇ ਹਨ ਤੇ ਬੁਖਲਾਹਟ ਵਿਚ ਉਹਨਾਂ ਨੂੰ ਨਿਹੰਗ ਵੀ ਨਕਸਲ ਬਾੜੀ ਦਿੱਸਣ ਲੱਗ ਪਏ ਹਨ।

## 5. ਦਿੱਲੀ ਦੀਆਂ ਬਾਤਾਂ :

ਬਰਨਾਰਡ ਸ਼ਾਅ ਦੇ ਇਕ ਨਾਟਕ ਵਿਚ ਲਤੀਫ਼ਾ ਆਂਦਾ ਹੈ ਕਿ ਇਕ ਮੋਟਾ ਬੰਦਾ ਇਕ ਸੁੱਕੇ ਸੜੇ ਨੂੰ ਵੇਖ ਕੇ ਕਹਿੰਦਾ "ਲਗਦਾ ਹੈ ਕਿ ਤੂੰ ਕਿਸੇ ਕਾਲਮਾਰੇ ਦੇਸ਼ ਵਿਚੋਂ ਆਇਆ ਏਂ।" ਸੁੱਕਾ ਸੜਾ ਬੰਦਾ ਜਵਾਬ ਦੇਂਦਾ ਹੈ, "ਤੈਨੂੰ ਵੇਖਕੇ ਇਹ ਲਗਦਾ ਹੈ ਕਿ ਤੂੰ ਹੀ ਸਾਰਾ ਕੁਝ ਖਾਕੇ ਕਾਲ ਪਾਇਆ ਏ"—ਦਿੱਲੀ ਇਹਦੀ ਇਕ ਮਿਸਾਲ ਹੈ। ਮਿੱਟੀ ਨਾਲ ਮਿੱਟੀ ਹੋਣ ਵਾਲਿਆਂ ਦੀ ਕਮਾਈ ਇਸ ਦੇਸ਼ ਵਿਚ ਕਿਥੇ ਜਾਂਦੀ ਹੈ ? ਇਹਦੀ ਸੂਹ ਦਿੱਲੀ ਸ਼ਹਿਰ ਦੀ ਇਕ ਫੇਰੀ ਹੀ ਦੇ ਦੇਂਦੀ ਹੈ। ਪਿਛਲੇ ਇਕ ਸਾਲ ਵਿਚ ਜਿਹੜੇ ਪੰਜ ਸਟਾਰ ਹੋਟਲ ਤੇ ਹੋਰ ਬਿਲਡਿੰਗਾਂ ਦਿੱਲੀ ਵਿਚ ਉਠ ਖਲੋਤੀਆਂ ਹਨ ਇਹ ਦਸਦੀਆਂ ਹਨ ਕਿ ਥੀਨ ਡੈਮ ਲਈ ਸਰਕਾਰ ਕੋਲ ਪੈਸਾ ਕਿਉਂ ਨਹੀਂ ? ਜਾਂ ਪਿੰਡਾਂ ਦੇ ਵਿਕਾਸ ਲਈ ਪੈਸਾ ਕਿਉਂ ਨਹੀਂ ? ਪੈਸਾ ਤਾਂ ਸਰਕਾਰ ਦਾ ਟਾਲਕਟੋਰਾ ਤੈਰਾਕੀ ਤਲਾਬ ਬਨਾਉਣ ਵਿਚ ਖਰਚ ਹੋ ਗਿਆ ਹੈ। ਕ੍ਰੋੜਾਂ ਦੀ ਲਾਗਤ ਨਾਲ ਤਿਆਰ ਕੀਤਾ ਇਹ ਤਲਾਬ ਜਿਸ ਵਿਚ ਏਸ਼ੀਆ ਖੇਡਾਂ ਦੇ ਤੈਰਾਕੀ ਮੁਕਾਬਲੇ ਹੋਏ ਸਨ, ਉਹਦੀ ਹੁਣ ਕੋਈ ਵਰਤੋਂ ਨਹੀਂ ਪਰ ਹਜ਼ਾਰਾਂ ਰੁਪਇਆਂ ਦਾ ਖਰਚ ਹਾਲੀ ਵੀ ਉਸਨੂੰ 'ਜਿਉਂ ਦਾ ਤਿਉਂ' ਰਖਣ ਵਿਚ ਖਰਚ ਹੋ ਰਿਹਾ ਹੈ। ਥੀਨ ਡੈਮ ਨੇ ਪੰਜਾਬ ਤੇ ਰਾਜਸਥਾਨ ਦੇ ਕਿਸਾਨਾਂ ਦੇ ਬਹੁਤ ਸਾਰੇ ਪਾਣੀ ਤੇ ਬਿਜਲੀ ਦੇ ਮਸਲੇ ਹਲ ਕਰ ਦੇਣੇ ਸਨ, ਪਰ ਇਹ ਟਾਲਕਟੋਰਾ ਦਾ ਤੈਰਾਕੀ ਮਸਲਾ ਹਲ ਕਰ ਰਿਹਾ ਹੈ ? ਲੋਕਾਂ ਦੀ ਕਮਾਈ ਦੀ ਇਹ ਅਯੋਗ ਵਰਤੋਂ ਸਾਰੇ ਸਿਸਟਮ ਦੀਆਂ ਲੋਕ ਦੁਸ਼ਮਣ ਨੀਤੀਆਂ ਨੂੰ ਨੰਗਾ ਕਰਦੀ ਹੈ। **o ਗੁਰਸ਼ਰਨ ਸਿੰਘ**

---

### ਇਕ ਸੂਚਨਾ :

ਕੈਨੇਡਾ ਤੇ ਇੰਗਲੈਂਡ ਦੀਆਂ ਲੋਕ ਪੱਖੀ ਸੰਸਥਾਵਾਂ ਦੇ ਸੱਦੇ ਤੇ ਮੈਂ ਆਪਣੀ ਨਾਟਕ ਟੋਲੀ ਨਾਲ 18 ਮਈ ਤੋਂ ਜੁਲਾਈ ਤਕ ਕਨੇਡਾ ਤੇ ਇੰਗਲੈਂਡ ਹੋਵਾਂਗਾ। ਇਸ ਲਈ ਨਾਟਕਾਂ ਬਾਰੇ ਜਾਂ 'ਸਮਤਾ' ਬਾਰੇ ਕਿਸੇ ਚਿੱਠੀ ਪਤ੍ਰ ਦਾ ਜਵਾਬ ਮੈਂ ਨਹੀਂ ਦੇ ਸਕਾਂਗਾ।

o ਗੁਰਸ਼ਰਨ ਸਿੰਘ

---

# ਮਈ ਦਿਨ ਤੇ ਲੋਕ-ਪੱਖੀ ਪਾਰਟੀ

**ਜਸਵੰਤ ਖਾਲੜਾ**

o

ਹਰ ਸਾਲ ਵਾਂਗ ਮਈ ਦਿਹਾੜੇ ਤੇ ਸਟੇਜਾਂ ਲਾਈਆਂ ਜਾਣਗੀਆਂ। ਵੱਖ ਵੱਖ ਪਾਰਟੀਆਂ ਅਤੇ ਜਥੇਬੰਦੀਆਂ ਵਲੋਂ ਆਪੋ ਆਪਣੇ ਪ੍ਰਭਾਵ ਅਧੀਨ ਇਕੱਠੇ ਹੋ ਸਕਣ ਵਾਲੇ ਮਜ਼ਦੂਰਾਂ ਤਕ ਪਹੁੰਚ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਉਪਦੇਸ਼ ਦਿੱਤੇ ਜਾਣਗੇ। ਪਰ ਮਜ਼ਦੂਰ ਵਿਚਾਰੇ ਇਨ੍ਹਾਂ ਸਾਰਿਆਂ ਜਸ਼ਨਾਂ ਨੂੰ ਰਸਮੀ ਤੌਰ ਤੇ ਦੇਖਣ ਤੋਂ ਬਾਅਦ ਮਈ ਦਿਨ ਨੂੰ—ਇਕ ਛੁੱਟੀ ਦਾ ਦਿਹਾੜਾ ਸਮਝਦਿਆਂ ਹੀ ਇਸ ਨੂੰ ਇਕ ਚੰਗਾ ਦਿਨ ਸਮਝ ਲੈਣਗੇ—ਸਾਡੇ ਦੇਸ਼ ਵਿਚ—ਸਾਡੇ ਪਵਿਤਰ ਭਾਰਤ ਦੀ ਭੋਲੀ-ਭਾਲੀ ਮਜ਼ਦੂਰ ਜਮਾਤ ਦੀ ਬਦ-ਕਿਸਮਤੀ ਹੈ ਕਿ ਇਸ ਨੂੰ ਅਜੇ ਤਕ ਕਿਸੇ ਲੋਕ ਪੱਖੀ ਪਾਰਟੀ ਨੇ ਸਹੀ ਦਿਸ਼ਾ ਵੱਲ ਤੋਰਨ ਦੀ ਕੋਸ਼ਿਸ਼ ਵੀ ਨਹੀਂ ਕੀਤੀ—ਪਰ ਗੱਲ ਹਰ ਇਕ ਨੇ ਕੀਤੀ ਹੈ ਇਨਕਲਾਬ ਦੀ ਅਤੇ ਲੋਕ-ਪੱਖੀ ਪਾਰਟੀ ਦੀ। ਅੱਜ ਵੀ

ਹਾਲਤਾਂ ਉਹੋ ਹਨ ਜੋ ਅੱਧੀ ਸਦੀ ਪਹਿਲਾਂ ਸਨ। ਕਿਉਂ ਲੋੜ ਪੈ ਰਹੀ ਹੈ ਕਿ ਗੁਰਸ਼ਰਨ ਸਿੰਘ ਨੂੰ ਲੋਕ-ਪਖੀ ਪਾਰਟੀ ਖੜੀ ਕਰਨ ਦੀ ਅਤੇ ਜੈਕਾਰੇ ਨੂੰ ਕਿਸੇ ਨਵੀਂ ਇਨਕਲਾਬੀ ਪਾਰਟੀ ਦੀ ਉਸਾਰੀ ਕਰਨ ਦੀ ? 'ਸਿਰਫ਼ ਇਸ ਕਰਕੇ ਕਿਉਂਕਿ ਉਨ੍ਹਾਂ ਨੂੰ ਸੁਤੇ-ਸਿਧ ਇਹ ਅਹਿਸਾਸ ਹੋ ਗਿਆ ਕਿ ਵਿਚਾਰੇ ਮਜ਼ਦੂਰਾਂ ਅਤੇ ਹੋਰ ਮਿਹਨਤੀ ਲੋਕਾਂ ਦੀ ਅਗਵਾਈ ਲਈ ਕੋਈ ਪਾਰਟੀ ਮੈਦਾਨ ਵਿਚ ਨਹੀਂ ਹੈ।" ਮੇਰੀ ਇਸ ਗੱਲ ਤੋਂ ਕਈ ਵਿਚਾਰੇ ਔਖੇ ਹੋਣਗੇ ਜੋ ਕੇ ਦਾਅਵੇ ਕਰੀ ਜਾਂਦੇ ਹਨ ਕਿ ਉਨ੍ਹਾਂ ਕੋਲ ਇਕ ਕਮਿਊਨਿਸਟ ਪਾਰਟੀ ਹੈਗੀ। ਉਂਝ ਇਸ ਗੱਲ ਤੋ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਾਡੇ ਦੇਸ਼ ਵਿਚ ਬਹੁਤ ਸਾਰੇ ਲੋਕ ਨਿਜੀ ਰੂਪ ਵਿਚ ਜਾਂ ਆਪੋ ਆਪਣੀਆਂ ਬਣਾਈਆਂ ਹੋਈਆਂ ਟੋਲੀਆਂ ਵਲੋਂ ਮਜ਼ਦੂਰਾਂ ਤੇ ਮਿਹਨਤੀ ਲੋਕਾਂ ਦੀ ਬੰਦ-ਖਲਾਸੀ ਵਾਸਤੇ ਚਾਰਾਜੋਈ ਕਰ ਰਹੇ ਹਨ ਜਿਨ੍ਹਾਂ ਵਿਚ ਗੁਰਸ਼ਰਨ ਸਿੰਘ, ਜੈਕਾਰੇ ਵਾਲੇ ਸੁਰਖ ਰੇਖਾ ਵਾਲੇ ਜਾਂ ਲਾਲ ਝੰਡੇ ਵਾਲੇ ਆਉਂਦੇ ਹਨ। ਪਰ ਇਨ੍ਹਾਂ ਚੋਂ ਕੋਈ ਵੀ ਮਜ਼ਦੂਰਾਂ ਤੇ ਹੋਰ ਮਿਹਨਤੀ ਤਬਕਿਆਂ ਦੀ ਨਬਜ਼ ਫੜਕੇ ਉਨ੍ਹਾਂ ਨੂੰ ਲਾਮਬੰਦ ਨਹੀਂ ਕਰ ਸਕਿਆ ਅਤੇ ਨਾ ਹੀ ਅੱਜ ਤੱਕ ਇਸ ਪਾਸੇ ਕੋਈ ਪ੍ਰਗਤੀ ਕਰ ਸਕੇ ਹਨ। ਕਹਿਣ ਨੂੰ ਇਹ ਗੱਲ ਕਹੀ ਜਾ ਸਕਦੀ ਹੈ ਕਿ 1925 ਵਿਚ ਭਾਰਤ ਅੰਦਰ ਕਮਿਊਨਿਸਟ ਪਾਰਟੀ ਕਾਇਮ ਕਰ ਦਿੱਤੀ ਸੀ। ਪਰ ਉਹ ਵਿਚਾਰੀ ਕਮਿਊਨਿਸਟ ਪਾਰਟੀ ਆਪਣੇ 18ਵੇਂ ਸਾਲ 1943 ਵਿਚ ਹੋਈ ਪਹਿਲੀ ਕਾਂਗਰਸ 'ਚ ਹੜਤਾਲਾਂ ਵਿਰੋਧੀ ਮਤਾ ਪਾਸ ਕਰਦੀ ਹੈ ਰੀਪੋਰਟ ਪਾਸ ਕਰਦਿਆਂ ਕਹਿੰਦੀ ਹੈ ਕਿ "ਜੇ ਕਿਤੇ ਹੜਤਾਲ ਹੁੰਦੀ ਹੈ ਤਾਂ ਇਹ ਮਜ਼ਦੂਰ ਜਮਾਤ ਦੀ ਸਿਆਸੀ ਹਾਰ ਹੋਵੇਗੀ"। ਅੰਨ ਸੰਕਟ ਦੇ ਹੱਲ ਬਾਰੇ ਪਾਰਟੀ ਕਹਿੰਦੀ ਹੈ ਕਿ "ਸਾਨੂੰ ਅੰਨ ਦੇ ਭੰਡਾਰਾਂ ਜਾ ਜਗੀਰਦਾਰਾਂ ਤੇ ਧਾਵੇ ਨਹੀ ਬੋਲਣੇ ਚਾਹੀਦੇ ਸਗੋਂ ਅੰਨ-ਮਸਲੇ ਤੇ ਦੰਗੇ ਫਸਾਦ ਕਰਨ ਵਾਲਿਆਂ ਦਾ ਵਿਰੋਧ ਕਰਨਾ ਚਾਹੀਦਾ ਹੈ"। ਫਿਰ ਏਸੇ ਪਾਰਟੀ ਦੇ ਅੰਦਰ 1948 ਰੰਧੀਵੇ ਦੀ ਅੱਤਵਾਦੀ ਲਾਈਨ ਮਜ਼ਦੂਰਾਂ ਨੂੰ ਹਰ ਥਾਂ ਬਗ਼ਾਵਤ ਦਾ ਝੰਡਾ ਖੜਾ ਕਰਨ ਲਈ ਕਹਿ ਰਹੀ ਸੀ। ਰਾਜੇਸ਼ਵਰ ਰਾਓ ਲੋਕ-ਯੁਧ ਦਾ ਨਾਅਰਾ ਲੈ ਕੇ ਆਇਆ ਤੇ ਜ਼ਮੀਨ ਹੱਲ ਵਾਹਕ ਦੀ ਦੇ ਕੇਂਦਰੀ ਨਾਅਰੇ ਤੇ ਤਿਲੰਗਾਨਾਂ ਘੋਲ ਲੜਿਆ ਗਿਆ। ਫਿਰ ਸਾਜ਼ਸ਼ੀ ਢੰਗ ਨਾਲ ਇਹ ਘੋਲ ਵਾਪਸ ਲਿਆ ਗਿਆ ਅਤੇ ਨਾਗੀ ਰੈਡੀ ਸਮੇਤ ਤਿਲੰਗਾਨਾਂ ਦੇ ਯੋਧੇ ਪਾਰਲੀਮੈਂਟ ਵਿਚ ਜਾ ਬਿਰਾਜੇ। ਅਮ੍ਰਿਤਸਰ ਦੀ ਪਾਰਟੀ ਕਾਂਗਰਸ ਨੇ ਕਮਿਊਨਿਸਟ ਪਾਰਟੀ ਦੇ ਪ੍ਰੋਗਰਾਮ ਵਿਚੋਂ ਹਿੰਸਾ ਦਾ ਸ਼ਬਦ ਕੱਢ ਕੇ ਗਾਂਧੀ ਦੀ ਪੂਰਨ ਭਗਤੀ ਦਾ ਸਬੂਤ ਦਿਤਾ ਅਤੇ ਬਾਅਦ ਵਿਚ ਹਿੰਦ-ਚੀਨ ਲੜਾਈ ਸਮੇਂ ਕੇਂਦਰੀ ਕਮੇਟੀ ਦੇ ਇਕ ਧੜੇ ਵੱਲੋਂ ਰੂਸ ਦੇ ਕਹਿਣ ਤੇ ਚੀਨ ਵਿਰੋਧੀ ਨਾਅਰਾ ਦਿਤਾ ਤੇ ਦੂਜਿਆਂ ਨੂੰ ਅੰਦਰ ਕਰਾਉਣ ਲਈ ਉਨ੍ਹਾਂ ਤੇ ਚੀਨ ਪੱਖੀ ਹੋਣ ਦਾ ਦੋਸ਼ ਲਾਉਂਦਿਆਂ ਸਰਕਾਰ ਨੂੰ ਲਿਸਟਾਂ ਦਿੱਤੀਆਂ। ਉਨ੍ਹਾਂ ਵਿਚਾਰੇ ਅਖੌਤੀ ਚੀਨ ਪੱਖੀਆਂ ਦੇ ਲੀਡਰਾਂ ਨੂੰ ਰਿਹਾਈ ਵਾਸਤੇ ਬਸਵਾਪੁਜਈਆ ਰਾਹੀਂ ਗ੍ਰਹਿ ਮੰਤਰੀ ਨੂੰ ਚਿੱਠੀ ਲਿਖਣੀ ਪਈ ਕਿ ਅਸੀਂ ਹਰ ਹਮਲਾਵਰ ਵਿਰੁਧ ਸਰਕਾਰ ਦਾ ਸਾਥ ਦੇਵਾਂਗੇ। ਲੋਕਾਂ ਨੇ 'ਮਹਾਨ ਮਜ਼ਦੂਰ ਆਗੂ ਐਸ.ਏ., ਡਾਂਗੇ ਵਲੋਂ ਅੰਗਰੇਜ਼ਾਂ ਦੀ ਵਫ਼ਾਦਾਰੀ ਲਈ ਲਿਖੇ ਖੱਤ ਵੀ ਉਨੀਂ ਦਿਨੀਂ ਲੀਕ ਹੋ ਕੇ ਅਖਬਾਰਾਂ ਵਿਚ ਛਪੇ ਪੜੇ। ਇਸ ਰੌਲ ਘਚੋਲੇ ਵਿਚ ਨਕਸਲਬਾੜੀ ਦੀ ਕਿਸਾਨ ਬਗਾਵਤ ਨੇ ਮਿਹਨਤੀ ਲੋਕਾਂ ਵਾਸਤੇ ਆਸ ਦੀ ਕਿਰਨ ਪੈਦਾ ਕੀਤੀ। ਇਸ ਇਲਾਕੇ ਦੇ ਆਗੂ ਮੌਜੂਮਦਾਰ ਅਤੇ ਆਂਧਰਾ ਪ੍ਰਦੇਸ਼ ਦੇ ਡੀ. ਵੀ. ਰਾਓ—ਨਾਗੀ ਰੈਡੀ ਦੇ ਆਪਸੀ ਚੌਧਰ-ਭੇੜ ਨੇ ਇਸ ਲਹਿਰ ਨੂੰ ਵੀ ਮੱਧਮ ਕਰ ਦਿੱਤਾ। ਪਾਰਟੀ ਉਸਾਰੀ ਜਾਵੇ ਕਿ ਨਾ ਪਹਿਲਾਂ ਇਕ ਸਹਿਮਤ ਨਹੀਂ ਸੀ ਤੇ ਫਿਰ ਦੂਜਾ। ਆਖਰ 25 ਅਪਰੈਲ 1969 ਨੂੰ ਸੀ. ਪੀ. ਆਈ. ਐਮ. ਐਲ. ਦਾ ਜਨਮ ਹੋਇਆ। ਪਰ ਇਹ ਵਿਚਾਰੇ ਪਹਿਲੇ ਚਾਲੀ ਸਾਲਾਂ ਦੇ ਤਜਰਬੇ ਵਿਚੋਂ ਆਪਣੀ ਸਮਝ ਬਣਾਉਣ ਦੀ ਥਾਂ ਸਿਲੀਗੁੜੀ ਇਲਾਕਾ ਕਮੇਟੀ ਦੇ ਤਜਰਬੇ ਦੁਆਲੇ ਪਾਰਟੀ ਉਸਰਨ ਲੱਗ ਪਏ। ਲੋਕਾਂ ਸੋਧਵਾਦੀਆਂ ਤੋਂ ਖਹਿੜਾ ਛੁਡਾ ਕੇ ਇਨ੍ਹਾਂ ਦਾ ਸੁਆਗਤ ਕੀਤਾ ਜੋ ਕਰਨਾ ਬਣਦਾ ਵੀ ਸੀ। ਪਰ ਬਿਨਾਂ ਕਿਸੇ ਠੋਸ ਵਿਸ਼ਲੇਸ਼ਨ ਦੇ ਹਰ ਥਾਂ ਇੱਕੋ ਜਿਹੇ ਐਕਸ਼ਨ, ਇਕੋ ਨਾਅਰੇ ਸਿਰਲਥ ਯੋਧਿਆਂ ਦੀਆਂ ਕੁਰਬਾਨੀਆਂ ਤੋਂ ਬਿਨਾਂ ਇਤਿਹਾਸ ਵਿਚ ਹੋਰ ਵਾਧਾ ਨਾ ਕਰ ਸਕੇ। ਉਸ ਤੋਂ ਬਾਅਦ ਪਾਰਟੀ ਬਣਾਉਣ ਵਾਲੇ ਤੇ ਨਾ ਬਣਾਉਣ ਵਾਲੇ ਇਸ ਤਰ੍ਹਾਂ ਖਿੰਡੇ ਜਿਵੇਂ ਜਨਤਾ ਪਾਰਟੀ ਖਿੰਡੀ ਸੀ। ਪਰ ਜਨਤਾ ਪਾਰਟੀ ਬਾਰੇ—ਉਸਦੇ ਖਿੰਡਾਅ ਬਾਰੇ ਘੰਟਿਆਂ ਬੱਧੀ ਬੋਲ ਸਕਣ ਵਾਲੇ ਆਪਣੇ ਖਿੰਡਾਅ ਬਾਰੇ ਬੋਲਣ ਤੇ ਪੜਚੋਲਣ ਤੋਂ ਝਿਜਕਦੇ ਹਨ। ਜ਼ਿਆਦਾਤਰ ਲੋਕ ਇਸ ਦਾ ਕਾਰਨ ਇਕ ਦੂਜੇ ਤੇ ਸੁੱਟ ਕੇ ਗੈਰ-ਵਿਗਿਆਨਕ ਦਲੀਲਾਂ ਦੇਂਦੇ ਆਪ ਬਰੀ ਹੋਣਾ ਚਾਹੁੰਦੇ ਹਨ। ਇਸ ਤਰੀਕੇ ਨਾਲ ਉਹਨਾਂ ਦੇ ਚਿਹਰੇ ਤਾਂ ਨਿਖਰ ਸਕਦੇ ਹਨ ਪਰ ਲੋਕਾਂ ਲਈ ਮਨ-ਮੋਹਣੇ ਨਹੀਂ ਬਣ ਸਕਦੇ। ਕਿਉਂਕਿ ਲੋਕਾਂ ਦਾ ਸੁਆਲ ਇਹ ਨਹੀਂ ਹੈ ਕਿ ਚਾਰੂ ਗਲਤ ਸੀ ਜਾਂ ਨਾਗੀ ਰੈਡੀ, ਸੱਤ ਨਰੈਣ ਗਲਤ ਸੀ ਜਾਂ ਕਾਨੂੰ ਸਨਿਆਲ ਲੋਕਾਂ ਦਾ ਸੁਆਲ ਤਾਂ ਇਹ ਹੈ ਕਿ ਉਨ੍ਹਾਂ ਦਾ ਪ੍ਰੋਗਰਾਮ ਕੀ ਸੀ ਤੇ ਅੱਜ ਕੀ ਹੈ?

(ਬਾਕੀ ਦੇਖੋ ਸਫਾ ਨੰ: 36)

ਇੱਕ ਇਤਿਹਾਸਕ ਦਸਤਾਵੇਜ਼

# ਕਾਰਲ ਮਾਰਕਸ ਦੇ ਮਜ਼ਦੂਰਾਂ ਨੂੰ ਪੁੱਛੇ ਸੌ ਸਵਾਲ

## [ਮਈ ਦਿਹਾੜੇ ਲਈ ਵਿਸ਼ੇਸ਼]

(ਹੇਠ ਲਿਖੀ ਲਿਖਤ ਦਾ ਪ੍ਰੋ. ਹਰਬੰਸ ਮੁਖੀਆ ਨੇ ਅੰਗਰੇਜ਼ੀ ਤੋਂ ਹਿੰਦੀ ਅਨੁਵਾਦ ਕੀਤਾ ਹੈ ਤੇ ਹਿੰਦੀ ਵਿਚ ਇਹ ਲਾਲ ਬਹਾਦੁਰ ਵਰਮਾ ਰਾਹੀਂ ਗੋਰਖਪੁਰ ਤੋਂ ਸੰਪਾਦਤ ਪੱਤਰਕਾ ਇਤਿਹਾਸ' ਵਿਚ ਛਪ ਰਹੀ ਹੈ। ਏਸ ਲਿਖਤ ਦਾ ਮਹੱਤਵ ਤਾਂ ਆਪੂੰ ਸਪਸ਼ਟ ਹੈ, ਸਿਰਫ ਇਨ੍ਹਾਂ ਹੋਰ ਜੋੜਣ ਦੀ ਲੋੜ ਹੈ ਕਿ ਏਸ ਵਰ੍ਹੇ ਮਈ ਦਿਹਾੜੇ ਮੌਕੇ ਮਜ਼ਦੂਰ ਜਮਾਤ ਵਿਚ ਕੰਮ ਕਰਦੇ ਸਰਗਰਮ ਕਾਰਕੁਨਾਂ ਨੂੰ ਇਸ ਨੂੰ ਗਹੁ ਨਾਲ ਪੜ-ਵਾਚ ਕੇ ਮਜ਼ਦੂਰ ਜਮਾਤ ਦੀ ਜ਼ਿੰਦਗੀ ਨੂੰ ਉਸ ਦੇ ਬਹੁਪੱਖੀ ਰੂਪ ਵਿਚ ਸਮਝਣ ਦਾ ਜਤਨ ਕਰਨਾ ਚਾਹੀਦਾ ਹੈ—ਪੰ. ਅਨੁ-)

---

(ਇਹ ਸਵਾਲ ਫਰਾਂਸੀਸੀ ਜ਼ਬਾਨ ਵਿਚ ਪਹਿਲੀ ਵਾਰ 20 ਅਪ੍ਰੈਲ 1880 ਨੂੰ ਪ੍ਰਕਾਸ਼ਤ ਹੋਏ। ਬਾਦ ਵਿਚ 1933 ਵਿਚ ਏਨ੍ਹਾਂ ਦਾ ਅੰਗਰੇਜ਼ੀ ਅਨੁਵਾਦ 'ਕਮਿਊਨਿਸਟ ਇੰਟਰਨੈਸ਼ਨਲ' ਵਿਚ ਪ੍ਰਕਾਸ਼ਿਤ ਹੋਇਆ।)

### ਭੂਮਿਕਾ

ਅੱਜ ਤੱਕ ਕਿਸੇ ਸਰਕਾਰ ਨੇ, ਭਾਵੇਂ ਉਹ ਰਜਵਾੜਾਸ਼ਾਹੀ ਹੋਵੇ ਜਾਂ ਪੂੰਜੀਵਾਦੀ-ਲੋਕਤਾਂਤਰਿਕ, ਫਰਾਂਸ ਦੀ ਮਜ਼ਦੂਰ ਜਮਾਤ ਦੀਆਂ ਹਾਲਤਾਂ ਦਾ ਗੰਭੀਰ ਅਧਿਐਨ ਕਰਨ ਦੀ ਕਦੀ ਵੀ ਹਿੰਮਤ ਨਹੀਂ ਦਿਖਾਈ। ਇਹ ਗ਼ਲਤ ਉਸ ਵੇਲੇ ਹੈ, ਜਿਸ ਵੇਲੇ ਖੇਤੀ, ਵਿੱਤ, ਉਦਯੋਗ, ਵਣਜ ਅਤੇ ਰਾਜਨੀਤੀ ਆਦਿ ਦੀਆਂ ਵਿਵਸਥਾਵਾਂ ਦੇ ਖਿੰਡਾਅ ਨਾਲ ਸੰਬੰਧਤ ਅਨੇਕਾਂ ਅਧਿਐਨ ਕੀਤੇ ਜਾ ਚੁੱਕੇ ਹਨ।

ਬਰਤਾਨਵੀ ਸਰਕਾਰ ਦੀ ਨਿਗਰਾਨੀ ਵਿਚ ਕੀਤੀਆਂ ਗਈਆਂ ਖੋਜਾਂ ਤੋਂ ਪੂੰਜੀਵਾਦੀ ਸ਼ੋਸ਼ਣ ਦੇ ਜੋ ਡਰਾਉਣੇ ਤੱਥ ਸਾਹਮਣੇ ਆਏ ਹਨ ਅਤੇ ਜਿਨ੍ਹਾਂ ਕਰਕੇ ਬਰਤਾਨਵੀ ਸਰਕਾਰ ਨੂੰ ਮਜ਼ਬੂਰ ਹੋ ਕੇ ਕਈ ਕਾਨੂੰਨ ਬਣਾਉਣੇ ਪਏ (ਜਿਵੇਂ ਦਸ ਘੰਟੇ ਦੀ ਦਿਹਾੜੀ ਨਿਸ਼ਚਿਤ ਕਰਨ ਦਾ ਕਾਨੂੰਨ, ਜਾਂ ਫੇਰ ਔਰਤਾਂ ਦੇ ਬੱਚਿਆਂ ਦੀ ਮਜ਼ਦੂਰੀ ਨਾਲ ਸੰਬੰਧਤ ਕਾਨੂੰਨ, ਆਦਿ), ਏਨ੍ਹਾਂ ਕਰਕੇ ਫਰਾਂਸੀਸੀ ਪੂੰਜੀਪਤੀ ਜਮਾਤ ਏਸ ਤਰ੍ਹਾਂ ਦੀ ਨਿਰਪੱਖ ਖੋਜ ਤੋਂ ਹੋਰ ਵੀ ਜ਼ਿਆਦਾ ਤ੍ਰਹਿ ਗਈ ਹੈ ਕਿ ਏਸ ਤਰ੍ਹਾਂ ਦੇ ਸੰਯੋਜਤ ਅਧਿਐਨ ਨਾਲ ਨਾ ਜਾਣੇ ਕਿੰਨੇ ਤਰ੍ਹਾਂ ਦੇ ਖ਼ਤਰੇ ਖੜੇ ਹੋ ਜਾਣ।

ਏਸ ਉਮੀਦ ਵਿਚ ਕਿ ਸਾਡੀਆਂ ਕੋਸ਼ਿਸ਼ ਤੋਂ ਪ੍ਰੇਰਤ ਹੋ ਕੇ ਫਰਾਂਸ ਦੀ ਲੋਕਤੰਤਰੀ ਸਰਕਾਰ ਇੰਗਲੈਂਡ ਦੀ ਰਜਵਾੜਾਸ਼ਾਹੀ ਸਰਕਾਰ ਦੀ ਲੀਹ ਤੇ ਚਲ ਕੇ ਪੂੰਜੀਵਾਦੀ ਸ਼ੋਸ਼ਣ ਦੀਆਂ ਕਰਤੂਤਾਂ ਦੀ ਤਹਿਕੀਕਾਤ ਕਰਨ ਲਈ ਮੰਨ ਜਾਵੇਂ, ਅਸੀਂ ਆਪਣੇ ਤੁੱਛ ਸਾਧਨਾਂ ਨਾਲ ਇਹ ਪ੍ਰਸ਼ਨਾਵਲੀ ਤਿਆਰ ਕਰ ਰਹੇ ਹਾਂ। ਆਪਣੀ ਏਸ ਕੋਸ਼ਿਸ਼ ਵਿਚ ਸਾਨੂੰ ਉਮੀਦ ਹੈ ਕਿ ਪਿੰਡਾਂ ਤੇ ਸ਼ਹਿਰ ਦੇ ਉਹ ਸਾਰੇ ਮਜ਼ਦੂਰ ਸਾਡੀ ਮੱਦਦ ਕਰਨਗੇ, ਜਿਨ੍ਹਾਂ ਤੋਂ ਬਿਨਾਂ ਕੋਈ ਹੋਰ ਉਨ੍ਹਾਂ ਗ਼ੈਰ-ਮਨੁੱਖੀ ਹਾਲਤਾਂ ਨੂੰ ਬਿਆਨ ਨਹੀਂ ਕਰ ਸਕਦਾ, ਜਿਨ੍ਹਾਂ 'ਚ ਉਹ ਜਿਉਂਦੇ ਹਨ ਅਤੇ ਜਿਨ੍ਹਾਂ ਵਿਚ ਏਨੀ ਚੇਤਨਾ ਹੈ ਕਿ ਸਿਰਫ ਉਹ ਖੁਦ, ਨਾਕਿ ਕੋਈ ਗੈਬੀ ਤਾਕਤ, ਉਨ੍ਹਾਂ ਭੈੜੀਆਂ ਸਮਾਜਿਕ ਹਾਲਤਾਂ ਦਾ ਇਲਾਜ ਕਰ ਸਕਦੇ ਹਨ। ਅਸੀਂ ਹਰ ਤਰ੍ਹਾਂ ਦੇ ਵਿਚਾਰਾਂ ਵਾਲੇ ਸਮਾਜਵਾਦੀਆਂ ਤੋਂ ਵੀ ਮੱਦਦ ਦੀ ਆਸ ਕਰਦੇ ਹਾਂ, ਜਿਹੜੇ ਸਮਾਜ ਨੂੰ ਸੁਧਾਰਣ ਦੀ ਇੱਛਾ ਰੱਖਦੇ ਹਨ ਅਤੇ ਜਿਨ੍ਹਾਂ ਲਈ ਇਹ ਚੰਗੀ ਤਰ੍ਹਾਂ ਜਾਣਨਾ ਜ਼ਰੂਰੀ ਹੈ ਕਿ ਉਹ ਮਜ਼ਦੂਰ ਜਮਾਤ, ਭਵਿੱਖ ਜਿਸ ਦੀ ਧਰੋਹਰ ਹੈ, ਕਿੰਨਾਂ ਹਾਲਤਾਂ ਵਿਚ ਮਜ਼ਦੂਰੀ ਕਰਦੀ ਹੈ ਅਤੇ ਸਮਾਜ ਨੂੰ ਬਦਲਣ ਦੀ ਪ੍ਰਕ੍ਰਿਆ ਨੂੰ ਉਹ ਕਿਵੇਂ ਤਾਕਤ ਦਿੰਦੀ ਹੈ।

ਮਜ਼ਦੂਰ ਜਮਾਤ ਸੰਬੰਧੀ ਇਹ ਤੱਥ ਇਕੱਤਰ ਕਰਨਾ ਸਮਾਜਵਾਦੀ ਲੋਕਰਾਜ ਦਾ ਪਹਿਲਾ ਫਰਜ਼ ਬਣ ਜਾਂਦਾ ਹੈ, ਜਿਸ ਰਾਹੀਂ ਸਮਾਜੀ ਢਾਂਚੇ ਨੂੰ ਬਦਲਣ ਲਈ ਕਦਮ ਚੁੱਕੇ ਜਾ ਸਕਣ।

### [ਸਵਾਲ]

1.

1. ਤੁਸੀਂ ਕਿਸ ਉਦਯੋਗ ਵਿਚ ਕੰਮ ਕਰਦੇ ਹੋ ?
2. ਜਿਸ ਕਾਰਖ਼ਾਨੇ ਵਿਚ ਤੁਸੀਂ ਕੰਮ ਕਰਦੇ ਹੋ, ਕੀ ਉਸ ਦਾ ਮਾਲਕ ਇੱਕ ਪੂੰਜੀਪਤੀ ਹੈ ਜਾਂ ਉਹ ਕਈ ਸਾਂਝੀਦਾਰਾਂ ਦੀ ਕੰਪਨੀ ਹੈ ? ਤੁਹਾਡੇ ਕਾਰਖ਼ਾਨੇ ਦੇ ਮਾਲਕਾਂ ਜਾਂ ਕੰਪਨੀ ਦੇ ਡਾਇਰੈਕਟਰਾਂ ਦੇ ਨਾਂ ਵੀ ਦੱਸੋ ?

3. ਤੁਹਾਡੇ ਕਾਰਖ਼ਾਨੇ ਵਿਚ ਕਿੰਨੇ ਲੋਕ ਕੰਮ ਕਰਦੇ ਹਨ ?

4. ਉਨ੍ਹਾਂ ਮਜ਼ਦੂਰਾਂ ਦੀ ਉਮਰ ਕੀ ਹੋਵੇਗੀ ? ਉਨ੍ਹਾਂ ਵਿਚ ਮਰਦ ਕਿੰਨ੍ਹੇ ਤੇ ਔਰਤਾਂ ਕਿੰਨ੍ਹੀਆਂ ਹਨ ?

5. ਬੱਚੇ (ਮੁੰਡੇ ਤੇ ਕੁੜੀਆਂ) ਕਿੰਨ੍ਹੀ ਉਮਰ ਤੋਂ ਕੰਮ ਤੇ ਲਾ ਲਏ ਜਾਂਦੇ ਹਨ ?

6. ਆਮ ਮਜ਼ਦੂਰਾਂ ਤੋਂ ਬਿਨਾਂ ਇਸ ਕਾਰਖ਼ਾਨੇ ਵਿਚ ਕਿੰਨੇ ਸੁਪਰਵਾਈਜ਼ਰ ਤੇ ਏਸ ਤਰ੍ਹਾਂ ਦੇ ਹੋਰ ਮੁਲਾਜ਼ਮ ਹਨ ?

7. ਤੁਹਾਡੇ ਕਾਰਖ਼ਾਨੇ ਵਿਚ ਅਜਿਹੇ ਆਦਮੀ ਵੀ ਹੋਣਗੇ, ਜੋ ਕੰਮ ਸਿੱਖਣ ਆਏ ਹਨ ? ਏਸ ਤਰ੍ਹਾਂ ਦੇ ਆਦਮੀ ਕਿੰਨ੍ਹੇ ਹਨ ?

8. ਹਰ ਰੋਜ਼ ਤੇ ਹਮੇਸ਼ਾ ਕੰਮ ਕਰਨ ਵਾਲੇ ਮਜ਼ਦੂਰਾਂ ਤੋਂ ਇਲਾਵਾ ਇਲਾਵਾ ਇੱਥੇ ਕੁੱਝ ਅਜਿਹੇ ਮਜ਼ਦੂਰ ਵੀ ਕੰਮ ਤੇ ਲਾਏ ਜਾਂਦੇ ਹਨ, ਜਿਨ੍ਹਾਂ ਤੋਂ ਖ਼ਾਸ ਮੌਕਿਆਂ ਤੇ ਕੰਮ ਲਿਆ ਜਾਂਦਾ ਹੈ ਅਤੇ ਜੋ ਹਮੇਸ਼ਾਂ ਕੰਮ ਕਰਨ ਵਾਲੇ ਮਜ਼ਦੂਰਾਂ ਤੋਂ ਇਲਾਵਾ ਹੋਣ ?

9. ਕੀ ਤੁਹਾਡਾ ਮਾਲਕ (ਕਾਰਖ਼ਾਨੇ ਵਿਚ) ਪੈਦਾਵਾਰ ਸਥਾਨਕ ਖੱਪਤ ਲਈ ਹੀ ਕਰਦਾ ਹੈ ਜਾਂ ਕਿ ਦੇਸ਼ ਭਰ ਵਿਚ ਖੱਪਤ ਲਈ ਪੈਦਾ ਕਰਦਾ ਜਾਂ ਫੇਰ ਬਦੇਸ਼ਾਂ ਵਿਚ ਦਰਾਮਦ ਲਈ ?

10. ਕਾਰਖ਼ਾਨਾ ਪਿੰਡ ਵਿਚ ਹੈ ਜਾਂ ਸ਼ਹਿਰ ਵਿਚ ? ਮਿਹਰਬਾਨੀ ਕਰਕੇ ਥਾਂ ਦਾ ਨਾਂ ਵੀ ਦੱਸ ਦਿਓ ।

11. ਜੇ ਤੁਹਾਡਾ ਕਾਰਖ਼ਾਨਾ ਪਿੰਡ ਵਿਚ ਹੈ ਤਾਂ ਕੀ ਤੁਸੀਂ ਇਥੇ ਹੀ ਮਜ਼ਦੂਰੀ ਕਰਕੇ ਆਪਣਾ ਨਿਰਬਾਹ ਕਰ ਲੈਂਦੇ ਹੋ ਜਾਂ ਤੁਹਾਨੂੰ ਖੇਤ ਵਿਚ ਵੀ ਮਜ਼ਦੂਰੀ ਕਰਨੀ ਪੈਂਦੀ ਹੈ ?

12. ਕੀ ਤੁਸੀਂ ਮਜ਼ਦੂਰੀ ਸਿਰਫ ਹੱਥਾਂ ਨਾਲ ਈ ਕਰਦੇ ਹੋ ਜਾਂ ਮਸ਼ੀਨਾਂ ਦਾ ਇਸਤੇਮਾਲ ਵੀ ਕਰਦੇ ਹੋ ?

13. ਤੁਹਾਡੇ ਉਦਯੋਗ ਵਿਚ ਕੰਮ ਦੀ ਵੰਡ ਕਿਸ਼ ਤਰ੍ਹਾਂ ਦੀ ਹੈ ? ਮਿਹਰਬਾਨੀ ਕਰਕੇ ਇਸ ਨੂੰ ਵਿਸਥਾਰ ਨਾਲ ਦੱਸੋਂ ।

14. ਕੀ ਤੁਹਾਡੇ ਕਾਰਖ਼ਾਨੇ ਦੀਆਂ ਕੁੱਝ ਮਸ਼ੀਨਾਂ ਭਾਫ ਨਾਲ ਵੀ ਚਲਦੀਆਂ ਹਨ ?

(1 ) ਉਨ੍ਹਾਂ ਕਮਰਿਆਂ ਦੀ ਸੂਚੀ ਬਣਾ ਦਿਓ, ਜਿਨ੍ਹਾਂ ਵਿਚ ਤੁਹਾਡੇ ਉਦਯੋਗ ਦੀਆਂ ਵੱਖ ਵੱਖ ਸ਼ਾਖਾਵਾਂ ਦੇ ਕੰਮ ਹੁੰਦੇ ਹਨ । ਤੁਹਾਡੇ ਆਪਣੇ ਕੰਮ ਦੀਆਂ ਕੀ ਵਿਸ਼ੇਸ਼ਤਾਵਾਂ ਹਨ, ਉਨ੍ਹਾਂ ਨੂੰ ਵੀ ਦੱਸੋ; ਇਹ ਦੱਸਦਿਆਂ ਸਾਨੂੰ ਸਿਰਫ ਇਹੋ ਨਾਂ ਦੱਸੋ ਕਿ ਤੁਹਾਡੇ ਕੰਮ ਦੀਆਂ ਤਕਨੀਕੀ ਵਿਸ਼ੇਸ਼ਤਾਵਾਂ ਕੀ ਹਨ, ਸਗੋਂ ਇਹ ਵੀ ਦੱਸੋ ਕਿ ਇਸ ਨਾਲ ਤੁਹਾਡੇ ਸ਼ਰੀਰ ਅਤੇ ਰਗਾਂ ਨੂੰ ਕਿੰਨੀ ਤੇ ਕਿਸ ਕਿਸਮ ਦੀ ਥਕਾਵਟ ਮਹਿਸੂਸ ਹੁੰਦੀ ਹੈ ਅਤੇ ਆਮ ਤੌਰ ਤੇ ਮਜ਼ਦੂਰਾਂ ਦੀ ਸਿਹਤ ਤੇ ਇਸਦਾ ਕੀ ਅਸਰ ਪੈਂਦਾ ਹੈ ?

(16) ਕਾਰਖ਼ਾਨੇ ਦੀ ਸਫਾਈ ਦੀ ਹਾਲਤ ਸੰਬੰਧੀ ਵੀ ਕੁੱਝ ਦੱਸੋ-ਕਮਰੇ ਕਿੰਨੇ ਵੱਡੇ ਹਨ ? ਹਰ ਮਜ਼ਦੂਰ ਕੋਲ ਕਿੰਨੀ ਜਗ੍ਹਾ ਹੈ ? ਕਾਰਖ਼ਾਨੇ ਵਿਚ ਹਵਾ ਆਉਣ ਜਾਣ ਦੀ ਕੀ ਹਾਲਤ ਹੈ ? ਕਮਰੇ ਦਾ ਤਾਪਮਾਨ ਕੀ ਰਹਿੰਦਾ ਹੈ ? ਕੰਧਾਂ ਤੇ ਸਫ਼ੈਦੀ ਕਦੋਂ ਕਦੋਂ ਹੁੰਦੀ ਹੈ ? ਪਬਲਕ ਸਹੂਲਤਾਂ ਕਿਹੋ ਜਿਹੀਆਂ ਹਨ ? ਆਮ ਤੌਰ ਤੇ ਸਫਾਈ ਦੀ ਕੀ ਹਾਲਤ ਹੁੰਦੀ ਹੈ ? ਮਸ਼ੀਨਾਂ ਸ਼ੋਰ ਕਿੰਨ੍ਹਾਂ ਕਰਦੀਆਂ ਹਨ ? ਧਾਤਾਂ ਨਾਲ ਬਣੀ ਧੂੜ ਕਿੰਨੀ ਡਿੱਗਦੀ ਹੈ ? ਸਿੱਲ ਕਿੰਨੀ ਹੁੰਦੀ ਹੈ ? ਆਦਿ ।

(17) ਕੀ ਕਾਰਖ਼ਾਨੇ ਦੀ ਸਫਾਈ ਦੀ ਨਿਗਰਾਨੀ ਸਰਕਾਰ ਜਾਂ ਸਥਾਨਕ ਪ੍ਰਸ਼ਾਸ਼ਨ ਰਾਹੀਂ ਕੀਤੀ ਜਾਂਦੀ ਹੈ ?

(18) ਕੀ ਤੁਹਾਡੇ ਉਦਯੋਗ ਵਿਚੋਂ ਕਿਸੇ ਅਜਿਹੇ ਖ਼ਾਸ ਹਾਨੀਕਾਰਕ ਪਦਾਰਥ ਦੀ ਨਿਕਾਸੀ ਹੁੰਦੀ ਹੈ, ਜਿਸ ਤੋਂ ਖ਼ਾਸ ਕਿਸਮ ਦੀਆਂ ਬਿਮਾਰੀਆਂ ਫੈਲਦੀਆਂ ਹੋਣ ?

(19) ਕੀ ਤੁਹਾਡਾ ਕਾਰਖ਼ਾਨਾ ਮਸ਼ੀਨਾਂ ਨਾਲ ਤੁੰਨਿਆ ਹੋਇਐ ?

(20) ਕੀ ਮਸ਼ੀਨਾਂ, ਮਸ਼ੀਨ-ਚਾਲਕ-ਸ਼ਕਤੀ (ਮੋਟਰ) ਅਤੇ ਏਸ ਸ਼ਕਤੀ ਦੇ ਵੰਡ ਦੇ ਸਾਧਨਾਂ ਨੂੰ, ਇਕ-ਦੂਜੇ ਤੋਂ ਇਸ ਤਰ੍ਹਾਂ ਵੱਖਰਾ ਕਰਕੇ ਰੱਖਿਆ ਹੈ ਕਿ ਕੋਈ ਦੁਰਘਟਨਾ ਨਾ ਵਾਪਰੇ ?

(21) (ਕਾਰਖ਼ਾਨੇ ਵਿਚ) ਤੁਹਾਡੇ ਆਪਣੇ ਤਜਰਬੇ ਵਿਚ ਜੋ ਦੁਰਘਟਨਾਵਾਂ ਵਾਪਰੀਆਂ ਹੋਣ, ਉਨ੍ਹਾਂ ਦੀ ਇਕ ਲਿਸਟ ਬਣਾ ਦਿਓ।

(22) ਜੇ ਤੁਸੀਂ ਕਿਸੇ ਖਦਾਨ (ਖਾਣ ਵਿਚ ਕੰਮ ਕਰਦੇ ਹੋ ਤਾਂ ਉਨ੍ਹਾਂ ਉਪਾਆਂ ਦੀ ਲਿਸਟ ਬਣਾ ਦਿਓ, ਜੋ ਤੁਹਾਡੇ ਮਾਲਕ ਨੇ ਹਵਾ ਦੇ ਆਉਣ-ਜਾਣ ਲਈ ਅਤੇ ਧਮਾਕੇ ਜਾਂ ਹੋਰ ਖਤਰਨਾਕ ਦੁਰਘਟਨਾਵਾਂ ਤੋਂ ਬਚਾਅ ਲਈ ਕੀਤੇ ਹਨ ।

(23) ਜੇ ਤੁਸੀਂ ਕਿਸੇ ਅਜਿਹੇ ਕਾਰਖ਼ਾਨੇ ਵਿਚ ਕੰਮ ਕਰਦੇ ਹੋ, ਜਿਸ ਵਿਚ ਰਸਾਇਣਕ ਪਦਾਰਥ ਜਾਂ ਧਾਤਾਂ ਜਾਂ ਫੇਰ ਇਸੇ ਤਰ੍ਹਾਂ ਦੇ ਵਿਸ਼ੇਸ਼ ਰੂਪ ਵਿਚ ਖਤਰਨਾਕ ਪਦਾਰਥਾਂ ਦੀ ਪੈਦਾਵਾਰ ਹੁੰਦੀ ਹੈ ਤਾਂ ਮਾਲਕਾਂ ਰਾਹੀਂ ਸਾਵਧਾਨੀ ਦੇ ਤੌਰ ਤੇ ਕੀਤੇ ਉਪਾਵਾਂ ਦੀ ਸੂਚੀ ਬਣਾ ਦਿਓ ।

(24) ਤੁਹਾਡੇ ਕਾਰਖ਼ਾਨੇ ਵਿਚ ਰੌਸ਼ਨੀ ਦਾ ਕੀ ਪ੍ਰਬੰਧ ਹੈ ? (ਕੀ ਗੈਸ ਵਰਤੀ ਜਾਂਦੀ ਹੈ ਜਾਂ ਲਾਲਟੈਨ ?)

(25) ਅੱਗ ਲਗ ਜਾਣ ਤੇ ਨਿਕਲਣ ਲਈ ਕੀ ਕਾਫੀ

ਸਾਧਨ ਹਨ ?

(26) ਜੇ ਕੋਈ ਦੁਰਘਟਨਾ ਵਾਪਰ ਜਾਵੇ ਤਾਂ ਕੀ ਤੁਹਾਡਾ ਮਾਲਕ ਕਾਨੂੰਨੀ ਤੌਰ ਤੇ ਤੁਹਾਨੂੰ ਜਾਂ ਤੁਹਾਡੇ ਪਰਵਾਰ ਨੂੰ ਮੁਆਵਜ਼ਾ ਦੇਣ ਲਈ ਮਜ਼ਬੂਰ ਹੈ ?

(27) ਜੇ ਨਹੀਂ ਤਾਂ ਕੀ ਕਦੀ ਉਸਨੇ ਅਜਿਹੇ ਆਦਮੀਆਂ ਨੂੰ ਕੋਈ ਮਆਵਜ਼ਾ ਦਿੱਤਾ ਹੈ ਜੋ ਉਸ ਲਈ ਧਨ ਕਮਾਉਂਦੇ ਹੋਏ ਦੁਰਘਟਨਾ ਦਾ ਸ਼ਿਕਾਰ ਹੋ ਗਏ ?

(28) ਕੀ ਤੁਹਾਡੇ ਕਾਰਖਾਨੇ ਵਿਚ ਇਲਾਜ ਦਾ ਕੋਈ ਪ੍ਰਬੰਧ ਹੈ ?

(29) ਜੇ ਤੁਸੀਂ ਘਰ 'ਚ ਹੀ ਕੰਮ ਕਰਦੇ ਹੋ ਤਾਂ ਆਪਣੇ ਕੰਮ ਕਰਨ ਵਾਲੇ ਕਮਰੇ ਸੰਬੰਧੀ ਕੁੱਝ ਦੱਸੋ। ਕੀ ਤੁਸੀਂ ਸੰਦ ਤੇ ਛੋਟੀਆਂ ਮਸ਼ੀਨਾਂ ਵਰਤਦੇ ਹੋ ? ਕੀ ਤੁਹਾਡੇ ਬੱਚੇ ਵੀ ਤੁਹਾਡੇ ਕੰਮ ਵਿਚ ਮਦਦ ਕਰਦੇ ਹਨ ? ਜਾਂ ਫਿਰ ਕੋਈ ਹੋਰ ਆਦਮੀ (ਵੱਡੇ ਜਾਂ ਛੋਟੇ, ਮਰਦ ਜਾਂ ਔਰਤ) ਤੁਹਾਡੀ ਮਦਦ ਕਰਦੇ ਹਨ ? ਕੀ ਤੁਸੀਂ ਨਿਜੀ ਗਾਹਕਾਂ ਲਈ ਕੰਮ ਕਰਦੇ ਹੋ ਜਾਂ ਕਿਸੇ ਠੇਕੇਦਾਰ ਲਈ ਕੰਮ ਕਰਦੇ ਹੋ ? ਕੀ ਤਹਾਡਾ ਉਸ ਨਾਲ ਸਿੱਧਾ ਸੰਪਰਕ ਹੈ ਜਾਂ ਕਿਸੇ ਦਲਾਲ ਰਾਹੀਂ ?

(30) ਇਕ ਦਿਨ ਵਿਚ ਤੁਸੀਂ ਕਿੰਨੇ ਘੰਟੇ ਅਤੇ ਹਫਤੇ ਵਿਚ ਕਿੰਨੇ ਦਿਨ ਕੰਮ ਕਰਦੇ ਹੋ ?

(31) ਪੂਰੇ ਸਾਲ ਵਿਚ ਕਿੰਨੀਆਂ ਪਬਲਿਕ ਛੁੱਟੀਆਂ ਹੁੰਦੀਆਂ ਹਨ, ਉਨ੍ਹਾਂ ਦੀ ਲਿਸਟ ਬਣਾ ਦਿਓ।

(32) ਪੂਰੇ ਦਿਨ ਦੇ ਕੰਮ ਵਿਚ ਤੁਹਾਨੂੰ ਕਿੰਨੀ ਵੇਰਾਂ ਕੰਮ ਤੋਂ ਛੋਟ ਮਿਲਦੀ ਹੈ ?

(33) ਕੀ ਤੁਸੀਂ ਖਾਣਾ ਨਿਸ਼ਚਿਤ ਸਮੇਂ ਖਾਂਦੇ ਹੋ ਜਾਂ ਫਿਰ ਉਸਦਾ ਕੋਈ ਸਮਾਂ ਨਿਸ਼ਚਿਤ ਨਹੀਂ ਹੈ ? ਤੁਸੀਂ ਕਾਰਖਾਨੇ ਅੰਦਰ ਹੀ ਖਾਂਦੇ ਹੋ ਜਾਂ ਉਸ ਤੋਂ ਬਾਹਰ ਜਾ ਕੇ ?

(34) ਕੀ ਖਾਣਾ ਖਾਂਦਿਆਂ ਵੀ (ਕਾਰਖਾਨੇ ਦਾ) ਕੋਈ ਕੰਮ ਚਾਲੂ ਰਹਿੰਦਾ ਹੈ ?

(35) ਜੇ (ਕਾਰਖਾਨੇ ਵਿਚ) ਭਾਫ ਦਾ ਇਸਤੇਮਾਲ ਹੁੰਦਾ ਹੈ ਤਾਂ ਕਦ ਭਾਫ ਨੂੰ ਚਲਾਇਆ ਜਾਂਦਾ ਹੈ ਤੇ ਕਦ ਬੰਦ ਕੀਤਾ ਜਾਂਦਾ ਹੈ ?

(36) ਕੀ ਰਾਤ ਨੂੰ ਵੀ ਕੰਮ ਹੁੰਦਾ ਹੈ ?

(37) ਬੱਚਿਆਂ ਤੇ 16 ਵਰ੍ਹੇ ਦੇ ਮੁੰਡਿਆਂ ਨੂੰ (ਦਿਨ ਵਿਚ) ਕਿੰਨੇ ਘੰਟੇ ਕੰਮ ਕਰਨਾ ਪੈਂਦਾ ਹੈ, ਇਸ ਬਾਰੇ ਦੱਸੋ।

—2—

(38) ਕੀ ਬੱਚਿਆਂ ਅਤੇ ਨੌਜਵਾਨ ਮਜ਼ਦੂਰਾਂ ਨੂੰ ਵਾਰੀਆਂ ਵਿਚ ਸੰਯੋਜਤ ਕੀਤਾ ਗਿਆ ਹੈ ਤਾਂਕਿ ਉਹ ਕੰਮ ਚਲਦਿਆਂ ਵੀ ਇਕ-ਦੂਜੇ ਦੀ ਥਾਂ ਲੈ ਸਕਣ ?

(39) ਕੀ ਸਰਕਾਰ ਜਾਂ ਸਥਾਨਕ ਪ੍ਰਸ਼ਾਸ਼ਨ ਬੱਚਿਆਂ ਦੀ ਮਜ਼ਦੂਰੀ ਨਾਲ ਸੰਬੰਧਤ ਕਾਨੂੰਨਾਂ ਨੂੰ ਹਕੀਕਤ ਵਿਚ ਲਾਗੂ ਕਰਦੇ ਹਨ ? ਕੀ ਮਾਲਕ ਸਰਕਾਰ ਜਾਂ ਸਥਾਨਕ ਪ੍ਰਸ਼ਾਸ਼ਨ ਦਾ ਕਹਿਣਾ ਮੰਨਦੇ ਹਨ ?

(40) ਤੁਹਾਡੇ ਉਦਯੋਗ ਵਿਚ ਲੱਗੇ ਬੱਚਿਆਂ ਅਤੇ ਨੌਜਵਾਨਾਂ ਲਈ ਕੀ ਸਕੂਲ ਬਣੇ ਹਨ ? ਜੇ ਹਨ ਤਾਂ ਸਕੂਲ ਦਾ ਸਮਾਂ ਕੀ ਹੈ ? ਇਨ੍ਹਾਂ ਨੂੰ ਚਲਾਉਂਦਾ ਕੌਣ ਹੈ ? ਏਨ੍ਹਾਂ ਵਿਚ ਸਿਖਾਇਆ ਕੀ ਜਾਂਦਾ ਹੈ ?

(41) ਜਿੱਥੇ ਰਾਤ-ਦਿਨ ਕੰਮ ਚਲਦਾ ਹੈ, ਉਥੇ ਵਾਰੀ ਦਾ ਕੀ ਪ੍ਰਬੰਧ ਹੈ ?

(42) ਆਮ ਦਿਨਾਂ ਤੋਂ ਵੱਧ ਉਦਯੋਗਕ ਸਰਗਰਮੀ ਵੇਲੇ ਓਵਰਟਾਈਮ ਦੀ ਗਿਣਤੀ ਆਮ ਕਰਕੇ ਕਿਵੇਂ ਕੀਤੀ ਜਾਂਦੀ ਹੈ ?

(43) ਕੀ ਮਸ਼ੀਨਾਂ ਦੀ ਸਫ਼ਾਈ ਲਈ ਵਿਸ਼ੇਸ਼ ਰੂਪ ਵਿਚ ਮਜ਼ਦੂਰ ਰੱਖੇ ਗਏ ਹਨ ? ਜਾਂ ਬਗੈਰ ਕਿਸੇ ਵਾਧੂ ਲਾਗਤ ਦੇ ਉਨ੍ਹਾਂ ਮਸ਼ੀਨਾਂ ਨੂੰ ਚਲਾਉਣ ਵਾਲੇ ਮਜ਼ਦੂਰ ਹੀ ਅਪਣੇ ਕੰਮ ਸਮੇਂ ਉਨ੍ਹਾਂ ਦੀ ਸਫਾਈ ਕਰ ਦਿੰਦੇ ਹਨ ?

(44) ਕੰਮ ਤੇ ਦੇਰ ਨਾਲ ਪਹੁੰਚਣ ਅਤੇ ਉਸ ਕਾਰਨ ਜੁਰਮਾਨਾ ਲੱਗਣ ਦੇ ਕੀ ਨਿਯਮ ਹਨ ? ਕੰਮ ਦਿਨ ਵਿਚ ਕਿਸ ਸਮੇਂ ਸ਼ੁਰੂ ਹੁੰਦਾ ਹੈ ਤੇ ਖਾਣੇ ਦੇ ਵਕਫੇ ਬਾਦ ਫੇਰ ਕਦ ਸ਼ੁਰੂ ਹੁੰਦਾ ਹੈ ?

(45) ਘਰ ਤੋਂ ਕਾਰਖਾਨੇ ਪਹੁੰਚਣ ਅਤੇ ਫੇਰ ਉਥੋਂ ਵਾਪਸ ਘਰ ਮੁੜਣ ਤੱਕ ਤੁਹਾਨੂੰ ਕਿੰਨਾਂ ਸਮਾਂ ਲਗ ਜਾਂਦਾ ਹੈ ?

—3—

46. ਤੁਹਾਨੂੰ ਮਾਲਕਾਂ ਨਾਲ ਕਿਸ ਤਰ੍ਹਾਂ ਦੇ ਸਮਝੌਤਿਆਂ ਤੇ ਦਸਖ਼ਤ ਕਰਨੇ ਪੈਂਦੇ ਹਨ ? ਕੀ ਤੁਹਾਨੂੰ ਹਰ ਦਿਹਾੜੀ ਦਾ ਰੁਜ਼ਗਾਰ ਮਿਲਦਾ ਹੈ ਜਾਂ ਹਫਤੇ-ਹਫਤੇ ਦਾ ਜਾਂ ਮਹੀਨੇ ਦਾ ?

47. ਜੇ ਤੁਸੀਂ ਕੰਮ ਛੱਡਣਾ ਚਾਹੋਂ ਜਾਂ ਮਾਲਕ ਤੁਹਾਡੀ ਛੁੱਟੀ ਕਰਨਾ ਚਾਹਵੇ ਤਾਂ ਦੋਵਾਂ ਧਿਰਾਂ ਵਲੋਂ ਕਿੰਨੇ ਸਮੇਂ ਦਾ ਨੋਟਿਸ ਦਰਕਾਰ ਹੁੰਦਾ ਹੈ ?

48. ਮਾਲਕ ਅਤੇ ਮਜ਼ਦੂਰ ਦਰਮਿਆਨ ਹੋਏ ਸਮਝੌਤੇ ਨੂੰ ਜੇ ਮਾਲਕ ਤੋੜ ਦੇਵੇ ਤਾਂ ਉਸ ਨੂੰ ਕੀ ਜੁਰਮਾਨਾ ਦੇਣਾ ਪੈਂਦਾ ਹੈ ?

49. ਜੇ ਸਮਝੌਤਾ ਤੋੜਣ ਵਿਚ ਮਜ਼ਦੂਰ ਦੀ ਗ਼ਲਤੀ ਹੋਵੇ ਤਾਂ ਉਸ ਤੇ ਕਿੰਨਾ ਜੁਰਮਾਨਾ ਲੱਗਦਾ ਹੈ ?

50. ਜੇ ਕਾਰਖ਼ਾਨੇ ਵਿਚ ਕੰਮ ਸਿੱਖਣ ਵਾਲਿਆਂ ਨੂੰ ਰੱਖਿਆ ਜਾਂਦਾ ਹੈ ਤਾਂ ਉਨ੍ਹਾਂ ਨਾਲ ਕੀਤੇ ਗਏ ਸਮਝੌਤੇ

ਦੀਆਂ ਕੀ ਸ਼ਰਤਾਂ ਹੁੰਦੀਆਂ ਹਨ ?

51. ਕੀ ਤੁਹਾਡਾ ਕੰਮ ਪੱਕਾ ਹੈ ਜਾਂ ਕਦੀ ਕਦੀ ਮਿਲਣ ਵਾਲਾ ?

52. ਕੀ ਤੁਹਾਡੇ ਪੇਸ਼ੇ ਵਿਚ ਸਾਲ ਭਰ ਬਰਾਬਰ ਕੰਮ ਹੁੰਦਾ ਹੈ ਜਾਂ ਕਿ ਸਾਲ ਦੇ ਕਿਸੇ ਹਿੱਸੇ ਵਿਚ ਘੱਟ, ਕਿਸੇ 'ਚ ਜ਼ਿਆਦਾ ? ਜੇ ਤੁਸੀਂ ਸਾਲ ਵਿਚ ਕੁੱਝ ਮਹੀਨੇ ਹੀ ਕੰਮ ਕਰਦੇ ਹੋ ਤਾ ਬਾਕੀ ਦਿਨ ਕਿਵੇਂ ਗੁਜ਼ਾਰਾ ਕਰਦੇ ਹੋ ?

53. ਕੀ ਤੁਹਾਨੂੰ ਕੰਮ ਮੁਤਾਬਿਕ (ਪੀਸ-ਰੇਟ) ਮਜ਼ਦੂਰੀ ਮਿਲਦੀ ਹੈ ਜਾਂ ਮਜ਼ਦੂਰੀ ਦੇ ਸਮੇਂ ਮੁਤਾਬਿਕ (ਟਾਈਮ-ਰੇਟ) ?

54. ਜੇ ਸਮੇਂ ਮੁਤਾਬਿਕ ਤਨਖਾਹ ਮਿਲਦੀ ਹੈ ਤਾਂ ਕੀ ਹਰ ਘੰਟੇ ਮੁਤਾਬਕ ਜਾਂ ਹਰ ਦਿਨ ਮੁਤਾਬਕ ?

55. ਕੀ ਵੱਧ ਸਮੇਂ ਲਈ ਵੱਧ ਤਨਖਾਹ ਮਿਲਦੀ ਹੈ ? ਜੇ ਹਾਂ ਤਾਂ ਕਿੰਨੀ ?

56. ਜੇ ਕੰਮ ਮੁਤਾਬਕ ਤਨਖਾਹ ਮਿਲਦੀ ਹੈ ਤਾਂ ਉਸ ਦੀ ਦਰ ਕਿਵੇਂ ਨਿਸਚਿਤ ਕੀਤੀ ਜਾਂਦੀ ਹੈ ? ਜੇ ਤੁਸੀਂ ਅਜਿਹੇ ਉਦਯੋਗਾਂ ਵਿਚ ਮਜ਼ਦੂਰੀ ਕਰਦੇ ਹੋ, ਜਿੱਥੇ ਕੀਤੇ ਕੰਮ ਦਾ ਵਜ਼ਨ ਕੀਤਾ ਜਾਂਦਾ ਹੈ, ਜਿਵੇਂ ਕਿ ਖਾਣਾਂ ਵਿਚ ਹੁੰਦਾ ਹੈ, ਤਾਂ ਕੀ ਤੁਹਾਡਾ ਮਾਲਕ (ਜਾਂ ਉਸ ਦੀ ਥਾਂ ਕੋਈ ਹੋਰ) ਧੋਖੇ ਨਾਲ ਤੁਹਾਡੀ ਕਮਾਈ ਦੀ ਰਕਮ ਤੋਂ ਘੱਟ ਪੈਸੇ ਦੇਣ ਦੀ ਕੋਸ਼ਿਸ਼ ਕਰਦਾ ਹੈ ?

57. ਜੇ ਤੁਹਾਨੂੰ ਕੰਮ ਮੁਤਾਬਿਕ ਤਨਖਾਹ ਮਿਲਦੀ ਹੈ ਤਾਂ ਕੀ ਉਹ ਲੋਕ ਤੁਹਾਡੀ ਬਣਾਈ ਚੀਜ਼ 'ਚ ਨੁਕਸ ਦਾ ਬਹਾਨਾ ਬਣਾ ਕੇ ਤੁਹਾਡੀ ਕਮਾਈ ਵਿਚੋਂ ਪੈਸੇ ਕੱਟ ਲੈਂਦੇ ਹਨ ?

58. ਤਨਖਾਹ ਤੁਹਾਨੂੰ ਮਿਲਦੀ ਕਦੋਂ ਹੈ, ਭਾਵੇਂ ਉਹ ਕੰਮ ਦੇ ਸਮੇਂ ਮੁਤਾਬਿਕ ਹੋਵੇ ਜਾਂ ਕੀਤੇ ਗਏ ਕੰਮ ਮੁਤਾਬਕ ? ਤਨਖਾਹ ਤੁਹਾਨੂੰ ਹਫਤੇ ਬਾਦ ਮਿਲਦੀ ਹੈ ਜਾਂ ਮਹੀਨੇ ਬਾਦ ? ਦੂਜੇ ਸ਼ਬਦਾਂ ਵਿਚ ਤੁਸੀਂ ਆਪਣੇ ਕੀਤੇ ਕੰਮ ਲਈ ਤਨਖਾਹ ਹਾਸਲ ਕਰਨ ਲਈ ਕਿੰਨੇ ਸਮੇਂ ਦੀ ਮੋਹਲਤ ਦਿੰਦੇ ਹੋ ?

59. ਕੀ ਤੁਸੀਂ ਕਦੀ ਗੌਰ ਕੀਤਾ ਹੈ ਕਿ ਤਨਖਾਹ ਦੇਰ ਨਾਲ ਮਿਲਣ ਕਰਕੇ ਤੁਹਾਨੂੰ ਅਕਸਰ ਸੂਦਖੋਰ ਦੇ ਚੱਕਰ ਕੱਟਣੇ ਪੈਂਦੇ ਹਨ ਜਿੱਥੇ ਕਾਫੀ ਮਾਤਰਾ ਵਿਚ ਸੂਦ ਲੱਗ ਜਾਂਦਾ ਹੈ ਅਤੇ ਜਿਨ੍ਹਾਂ ਚੀਜ਼ਾਂ ਦੀ ਤੁਹਾਨੂੰ ਖੁਦ ਲੋੜ ਹੁੰਦੀ ਹੈ, ਉਹ ਸਭ ਗਹਿਣੇ ਰੱਖੀਆਂ ਜਾਂਦੀਆਂ ਹਨ ? ਦੁਕਾਨਦਾਰ ਕੋਲ ਵੀ ਤੁਹਾਡਾ ਉਧਰ-ਖਾਤਾ ਖੁਲ ਜਾਂਦਾ ਹੈ, ਜਿਸ ਦਾ ਫਾਇਦਾ ਉਠਾਉਣ ਵਿਚ ਉਹ ਲੋਕ ਵੀ ਘੱਟ ਨਹੀਂ। ਕੀ ਤੁਸੀਂ ਅਜਿਹੇ ਮਜ਼ਦੂਰਾਂ ਨੂੰ ਜਾਣਦੇ ਹੋ, ਜਿਨ੍ਹਾਂ ਨੂੰ ਤਨਖਾਹ ਇਸ ਲਈ ਨਹੀਂ ਮਿਲ ਸਕੀ ਕਿ ਉਨ੍ਹਾਂ ਦੇ ਮਾਲਕ ਦਿਵਾਲੀਏ ਹੋ ਗਏ ਸਨ ?

60. ਕੀ ਤੁਹਾਨੂੰ ਤਨਖਾਹ ਖੁਦ ਮਾਲਕ ਹੱਥੋਂ ਮਿਲਦੀ ਹੈ ਜਾਂ ਕਿਸੇ ਵਿਚੋਲੇ ਹੱਥੋਂ (ਜਿਵੇਂ ਮਜ਼ਦੂਰਾਂ ਦੇ ਠੇਕੇਦਾਰ ਜਾਂ ਸਰਦਾਰ ਆਦਿ) ?

61. ਜੇ ਤਨਖਾਹ ਠੇਕੇਦਾਰਾਂ ਜਾਂ ਸਰਦਾਰਾਂ ਹੱਥੋਂ ਵੰਡੀ ਜਾਂਦੀ ਹੈ ਤਾਂ ਤੁਹਾਨੂੰ ਕਿੰਨ੍ਹਾਂ ਸ਼ਰਤਾਂ ਅਧੀਨ ਪੈਸੇ ਮਿਲਦੇ ਹਨ ?

62. ਪੈਸਿਆਂ ਦੀ ਸ਼ਕਲ ਵਿਚ ਤੁਹਾਡੀ ਮਜ਼ਦੂਰੀ ਦੀ ਦਰ, ਦਿਹਾੜੀ ਦੇ ਤੇ ਹਫਤੇ ਦੇ ਹਿਸਾਬ ਨਾਲ ਕਿੰਨੀ ਬਣਦੀ ਹੈ ?

63. ਤੁਹਾਡੇ ਹੀ ਕਾਰਖ਼ਾਨੇ ਵਿਚ ਤੁਹਾਡੇ ਨਾਲ ਕੰਮ ਕਰਦੇ ਬੱਚਿਆਂ ਤੇ ਔਰਤਾਂ ਦੀ ਮਜ਼ਦੂਰੀ ਦੀ ਕੀ ਦਰ ਹੈ ?

64. ਤੁਹਾਡੇ ਕਾਰਖਾਨੇ ਵਿਚ ਪਿਛਲੇ ਮਹੀਨੇ ਦੌਰਾਨ ਦਿਹਾੜੀ ਦੇ ਹਿਸਾਬ ਨਾਲ ਸਭ ਤੋਂ ਵੱਧ ਦਰ ਕੀ ਸੀ ?

65. ਅਤੇ ਕੰਮ ਦੇ ਹਿਸਾਬ ਨਾਲ ਪਿਛਲੇ ਮਹੀਨੇ ਵਿਚ ਸਭ ਤੋਂ ਵੱਧ ਦਰ ਕੀ ਸੀ ?

61. ਇਸੇ ਸਮੇਂ ਦੌਰਾਨ ਤੁਹਾਡੀ ਆਪਣੀ ਤਨਖਾਹ ਦੀ ਕੀ ਦਰ ਸੀ ? ਜੇ ਤੁਹਾਡਾ ਪਰਵਾਰ ਵੀ ਕੰਮ 'ਚ ਹੈ ਤਾਂ ਤੁਹਾਡੀ ਪਤਨੀ ਤੇ ਬੱਚਿਆਂ ਦੀ ਮਜ਼ਦੂਰੀ ਦੀ ਕੀ ਦਰ ਸੀ ?

67. ਕੀ ਪੂਰੀ ਤਨਖਾਹ ਨਕਦ ਮਿਲਦੀ ਹੈ ਜਾਂ ਕਿਸੇ ਹੋਰ ਸ਼ਕਲ ਵਿੱਚ ?

68. ਜੇ ਤੁਹਾਡਾ ਮਾਲਕ ਤੁਹਾਨੂੰ ਰਹਿਣ ਦੀ ਜਗ੍ਹਾ ਦਿੰਦਾ ਹੈ ਤਾਂ ਉਸ ਦੀਆਂ ਕੀ ਸ਼ਰਤਾਂ ਹੁੰਦੀਆਂ ਹਨ ? ਕੀ ਉਹ ਤੁਹਾਡੀ ਤਨਖਾਹ ਵਿਚੋਂ ਕਿਰਾਇਆ ਕੱਟ ਲੈਂਦਾ ?

69. ਤੁਹਾਨੂੰ ਆਪਣੀਆਂ ਨਿੱਤ ਦੀਆਂ ਲੋੜਾਂ ਤੇ ਕਿੰਨਾਂ ਖਰਚ ਕਰਨਾ ਪੈਂਦਾ ਹੈ, ਜਿਵੇ :

(ੳ) ਤੁਹਾਡੇ ਰਹਿਣ ਦੀ ਥਾਂ ਦਾ ਕਿਰਾਇਆ, ਕਿੰਨ੍ਹਾਂ ਸ਼ਰਤਾਂ ਤੇ ਤੁਹਾਨੂੰ ਮਕਾਨ ਮਿਲਿਆ ਹੈ; ਕਿੰਨੇ ਕਮਰੇ ਹਨ ਅਤੇ ਉਨ੍ਹਾਂ ਵਿਚ ਕਿੰਨੇ ਆਦਮੀ ਰਹਿੰਦੇ ਹਨ; ਮਕਾਨ ਦੀ ਮੁਰੰਮਤ ਦੀ ਜ਼ਿੰਮੇਵਾਰੀ ਕਿਸਦੀ ਹੈ; ਬੀਮਾ, ਫਰਨੀਚਰ ਨੂੰ ਮੁਰੰਮਤ ਕਰਨ ਤੇ ਖਰੀਦਣ ਦਾ ਖਰਚ; ਘਰ ਨੂੰ ਨਿੱਘਾ ਰੱਖਣ ਤੇ ਬਿਜਲੀ-ਪਾਣੀ ਦਾ ਖਰਚ;

(ਅ) ਖਾਣਾ-ਰੋਟੀ, ਮਾਸ, ਸਬਜ਼ੀਆਂ, ਆਲੂ, ਦੁੱਧ, ਆਂਡੇ, ਮੱਛੀ, ਮੱਖਣ, ਤੇਲ, ਚਰਬੀ, ਖੰਡ, ਲੂਣ, ਪੰਸਾਰੀ ਦੀਆਂ ਚੀਜ਼ਾਂ, ਕਾਫੀ, ਬੀਅਰ, ਸ਼ਰਾਬ,

ਤੰਬਾਕੂ ਆਦਿ;

(ੲ) ਵੱਡਿਆਂ ਤੇ ਬੱਚਿਆਂ ਦੇ ਕੱਪੜੇ, ਕੱਪੜਿਆਂ ਦੀ ਧੁਲਾਈ, ਸਫਾਈ, ਨਹਾਉਣ-ਸਾਬਨ ਆਦਿ ਦਾ ਖਰਚ;

(ਸ) ਤਰ੍ਹਾਂ ਤਰ੍ਹਾਂ ਦੇ ਖਰਚੇ—ਡਾਕ ਆਦਿ, ਕਰਜਾ-ਵਾਪਸੀ, ਗਹਿਣੇ ਦੇ ਪੈਸਿਆਂ ਦੀ ਵਾਪਸੀ ਬੱਚਿਆਂ ਦਾ ਸਕੂਲ ਦਾ ਖਰਚਾ, ਕੰਮ ਸਿੱਖਣ ਵੇਲੇ ਦਾ ਖਰਚਾ, ਅਖ਼ਬਾਰ-ਕਿਤਾਬਾਂ ਆਦਿ ਦਾ ਖਰਚਾ; ਮਜ਼ਦੂਰ ਯੂਨੀਅਨ ਦਾ ਚੰਦਾ; ਨੇੜੇ-ਤੇੜੇ ਦੇ ਕਲੱਬ ਅਤੇ ਸਹਿਯੋਗੀ ਸੰਸਥਾਵਾਂ ਨੂੰ ਚੰਦਾ;

(ਹ) ਤੁਹਾਡੇ ਪੇਸ਼ੇ ਤੋਂ ਪੈਦਾ ਹੋਏ ਕੋਈ ਖਰਚੇ, ਜੇ ਹੋਣ ਤਾਂ;

(ਕ) ਟੈਕਸ ਆਦਿ।

70. ਆਪਣੇ ਤੇ ਆਪਣੇ ਪਰਵਾਰ ਦੀ ਇਕ ਹਫਤੇ ਤੇ ਇਕ ਸਾਲ ਦੀ ਆਮਦਨੀ ਤੇ ਖਰਚ ਦਾ ਇਕ ਬਜਟ ਤਿਆਰ ਕਰਨ ਦੀ ਕੋਸ਼ਿਸ਼ ਕਰੋ।

71. ਕੀ ਤੁਸੀਂ ਇਸ ਤੇ ਗੌਰ ਕੀਤਾ ਹੈ ਕਿ ਤੁਹਾਡੇ ਆਪਣੇ ਤਜਰਬੇ ਵਿਚ ਜ਼ਿੰਦਗੀ ਦੀਆਂ ਲੋੜ ਦੀਆਂ ਚੀਜ਼ਾਂ (ਜਿਵੇਂ ਖਾਣ ਦੀਆਂ ਚੀਜ਼ਾਂ, ਮਕਾਨ ਆਦਿ) ਦੀਆਂ ਕੀਮਤਾਂ ਤੁਹਾਡੀ ਤਨਖਾਹ ਤੋਂ ਕਿਤੇ ਜ਼ਿਆਦਾ ਵੱਧ ਗਈਆਂ ਹਨ ?

(72) ਜੇ ਤੁਹਾਨੂੰ ਤਨਖਾਹ ਦੇ ਉਤਾਰ-ਚੜਾਅ ਦਾ ਖੁਦ ਤਜਰਬਾ ਹੋਇਆ ਹੋਵੇ ਤਾਂ ਸਾਨੂੰ ਦੱਸੋ ?

(73) ਉਦਯੋਗਕ ਮੰਦੀ ਜਾਂ ਸੰਕਟ ਸਮੇਂ ਤਨਖਾਹ 'ਚ ਜੋ ਗਿਰਾਵਟ ਆ ਜਾਂਦੀ ਹੈ, ਉਸਨੂੰ ਬਿਆਨ ਕਰੋ।

(74) (ਅਖੌਤੀ) ਵਾਧੇ ਸਮੇਂ ਤਨਖਾਹ ਵਿਚ ਵਾਧੇ ਨੂੰ ਵੀ ਬਿਆਨ ਕਰੋ।

(75) ਕੰਮ ਦੇ ਤਰੀਕਿਆਂ ਵਿਚ ਤਬਦੀਲੀ ਕਰਕੇ ਜਾਂ ਫੇਰ ਆਮ ਵਿਸ਼ੇਸ਼ ਸੰਕਟ ਕਰਕੇ ਰੋਜ਼ਗਾਰ ਵਿਚ ਜੋ ਰੁਕਾਵਟ ਆਉਂਦੀ ਹੈ, ਉਸਨੂੰ ਬਿਆਨ ਕਰੋ। ਜਿਸ ਕਾਲ ਵਿਚ ਤੁਸੀਂ ਆਪਣੀ ਇੱਛਾ ਖਿਲਾਫ ਵਿਹਲੇ ਹੋ ਕੇ ਬਹਿ ਜਾਂਦੇ ਹੋ, ਉਸ ਬਾਰੇ ਵੀ ਦਸੋ।

(76) ਤੁਸੀਂ ਆਪਣੀ ਮਿਹਨਤ ਨਾਲ ਜਿਨ੍ਹਾਂ ਚੀਜ਼ਾਂ ਨੂੰ ਬਣਾਉਂਦੇ ਹੋ ਜਾਂ ਜਿੰਨੀ ਮਜ਼ਦੂਰੀ ਤੁਸੀਂ ਕਰਦੇ ਹੋ, ਉਸਦੇ ਮੁੱਲ (ਕੀਮਤ) ਦੀ ਤੁਲਨਾ ਆਪਣੀ ਤਨਖਾਹ ਨਾਲ ਕਰੋ।

(77) ਮਸ਼ੀਨਾਂ ਲਾਉਣ ਕਰਕੇ ਜਾਂ ਹੋਰ ਕਿਸੇ ਵਾਧੇ ਕਰਕੇ ਜੇ ਮਜ਼ਦੂਰਾਂ ਦੀ ਛਾਂਟੀ ਹੋ ਗਈ ਹੋਵੇ ਤਾਂ ਉਸ ਸੰਬੰਧੀ ਆਪਣੀ ਨਿੱਜੀ ਜਾਣਕਾਰੀ ਦੱਸੋ।

(78) ਮਸ਼ੀਨਾਂ ਦੇ ਆ ਜਾਣ ਅਤੇ ਮਿਹਨਤ ਦੀ ਪੈਦਾਵਾਰੀ ਤਾਕਤ ਵਧ ਜਾਣ ਨਾਲ ਕੀ ਮਜ਼ਦੂਰੀ ਦੇ ਸਮੇਂ ਤੇ ਤੀਬਰਤਾ ਵਿਚ ਘਾਟ ਹੋਈ ਹੈ ਜਾਂ ਵਾਧਾ ਹੋਇਆ ?

(79) ਪੈਦਾਵਾਰ ਦੇ ਵਿਕਾਸ ਕਰਕੇ ਤੁਹਾਡੀ ਜਾਣਕਾਰੀ ਮੁਤਾਬਕ ਕੀ ਕਿਤੇ ਤਨਖਾਹ ਵਧਾਈ ਗਈ ਹੈ।

(80) ਕੀ ਤੁਸੀਂ ਕਿਸੇ ਅਜਿਹੇ ਸਾਧਾਰਣ ਮਜ਼ਦੂਰ ਨੂੰ ਜਾਣਦੇ ਹੋ ਜਿਸਨੇ 50 ਵਰ੍ਹਿਆਂ ਦੀ ਉਮਰ ਵਿਚ ਕੰਮ ਤੋਂ ਛੁਟੀ ਕਰ ਲਈ ਹੋਵੇ ਤੇ ਆਪਣੀ ਮਿਹਨਤ ਦੇ ਸਮੇਂ ਦੀ ਕਮਾਈ ਨਾਲ ਗੁਜ਼ਾਰਾ ਕਰ ਰਿਹਾ ਹੋਵੇ ?

(81) ਤੁਹਾਡੇ ਪੇਸ਼ੇ ਵਿਚ ਔਸਤ ਸਿਹਤ ਵਾਲਾ ਕੋਈ ਆਦਮੀ ਕਿੰਨੇ ਸਾਲ ਕੰਮ ਕਰ ਸਕਦਾ ਹੈ।

(82) ਕੀ ਤੁਹਾਡੇ ਪੇਸ਼ੇ ਵਿਚ ਮਜ਼ਦੂਰ ਜਥੇਬੰਦੀ ਹੈ ? ਜੇ ਹਾਂ ਤਾਂ ਉਨ੍ਹਾਂ ਦੇ ਕੰਮ ਕਰਨ ਦੇ ਕੀ ਤਰੀਕੇ ਹਨ ? ਉਨ੍ਹਾਂ ਦੇ ਵਿਧਾਨ ਤੇ ਨਿਯਮ ਵੀ ਭੇਜ ਦਿਓ।

(83) ਤੁਹਾਡੇ ਆਪਣੇ ਤਜਰਬੇ ਵਿਚ ਤੁਹਾਡੇ ਪੇਸ਼ੇ ਵਿਚ ਕਿੰਨੀਆਂ ਹੜਤਾਲਾਂ ਹੋ ਚੁੱਕੀਆਂ ਹਨ ?

(84) ਇਹ ਹੜਤਾਲਾਂ ਕਿੰਨੀ ਦੇਰ ਚੱਲੀਆਂ ?

(85) ਇਹ ਹੜਤਾਲਾਂ ਕੀ ਪੂਰੇ ਉਦਯੋਗ ਵਿਚ ਹੋਈਆਂ ਜਾਂ ਉਸਦੇ ਇਕ ਹਿੱਸੇ ਵਿਚ ?

(86) ਕੀ ਉਨ੍ਹਾਂ ਦਾ ਉਦੇਸ਼ ਤਨਖਾਹ ਵਧਾਉਣਾ ਸੀ ਜਾਂ ਕਿ ਉਹ ਦਿਨ ਦੇ ਕੰਮ ਦੇ ਘੰਟਿਆਂ ਨਾਲ ਸੰਬੰਧਤ ਸਨ, ਜਾਂ ਫੇਰ ਉਨ੍ਹਾਂ ਦਾ ਕੋਈ ਹੋਰ ਹੀ ਮਕਸਦ ਸੀ।

(87) ਉਨ੍ਹਾਂ ਹੜਤਾਲਾਂ ਦਾ ਨਤੀਜਾ ਕੀ ਨਿਕਲਿਆ ?

(88) ਸਾਲਸਾਂ ਦੀਆਂ ਕਾਰਵਾਈਆਂ ਬਾਰੇ ਦੱਸੋ।

(89) ਕੀ ਤੁਹਾਡੇ ਉਦਯੋਗ ਦੇ ਮਜ਼ਦੂਰਾਂ ਦੀਆਂ ਹੜਤਾਲਾਂ ਦੀ ਕਦੀ ਹਮਾਇਤ ਕੀਤੀ ਹੈ ?

(90) ਤੁਹਾਡੇ ਮਾਲਕ ਨੇ ਮਜ਼ਦੂਰਾਂ ਨੂੰ ਕਾਬੂ 'ਚ ਰੱਖਣ ਦੇ ਉਦੇਸ਼ ਨਾਲ ਕੋਈ ਨਿਯਮ ਬਣਾਏ ਹੋਣ ਤਾਂ ਉਨ੍ਹਾਂ ਬਾਰੇ ਦੱਸੋ।

(91) ਕੀ ਮਾਲਕਾਂ ਨੇ ਇਕੱਠੇ ਹੋਕੇ ਮਜ਼ਦੂਰੀ ਦੀ ਦਰ ਘਟਾਉਣ, ਮਜ਼ਦੂਰੀ ਦੇ ਸਮੇਂ ਤੇ ਮਿਹਨਤ ਦੇ ਸਮੇਂ ਤੇ ਮਿਹਨਤ ਦੀ ਤੀਬਰਤਾ ਨੂੰ ਵਧਾਉਣ, ਜਾਂ ਫੇਰ ਹੜਤਾਲਾਂ ਨੂੰ ਰੋਕਣ ਤੇ ਆਮ ਕਰਕੇ ਆਪਣੀ ਮਰਜ਼ੀ ਮਜ਼ਦੂਰਾਂ ਸਿਰ ਮੜ੍ਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ?

(92) ਕੀ ਤੁਸੀਂ ਅਜਿਹੇ ਉਦਾਹਰਣ ਜਾਣਦੇ ਹੋ ਜਦੋਂ ਕਿ ਸਰਕਾਰ ਨੇ ਪੁਲਸ ਅਤੇ ਫੌਜ ਦੀ ਦੁਰਵਰਤੋਂ ਕਰਕੇ ਉਨ੍ਹਾਂ ਨੂੰ ਮਜ਼ਦੂਰਾਂ ਖਿਲਾਫ ਮਾਲਕਾਂ ਨੂੰ ਉਪਲਬੱਧ ਕੀਤਾ ਹੋਵੇ ?

(93) ਕੀ ਤੁਸੀਂ ਅਜਿਹੇ ਉਦਾਹਰਣ ਜਾਣਦੇ ਹੋ ਜਦ ਸਰਕਾਰ ਨੇ ਮਾਲਕਾਂ ਦੇ ਗੈਰ-ਕਾਨੂੰਨੀ ਇਕੱਠਾਂ ਅਤੇ ਮਜ਼ਦੂਰਾਂ ਤੇ ਉਨ੍ਹਾਂ ਦੀਆਂ ਕੀਤੀਆਂ ਜ਼ਿਆਦਤੀਆਂ ਖਿਲਾਫ਼ ਦਖ਼ਲ ਦਿੱਤਾ ਹੋਵੇ ?

(94) ਕੀ ਸਰਕਾਰ ਮਾਲਕਾਂ ਤੋਂ ਅਜ ਦੇ ਸਥਾਪਤ ਮਜ਼ਦੂਰਾਂ ਸੰਬੰਧੀ ਕਾਨੂੰਨ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ ? ਕੀ ਸਰਕਾਰੀ ਨਿਰੀਖਕ ਆਪਣਾ ਫਰਜ਼ ਪੂਰਾ ਕਰਦੇ ਹਨ ?

(95) ਕੀ ਤੁਹਾਡੇ ਕਾਰਖਾਨੇ ਵਿਚ ਆਪਸੀ ਮਦਦ ਲਈ ਸੰਸਥਾਵਾਂ ਹਨ, ਜਿਨ੍ਹਾਂ ਤੋਂ ਦੁਰਘਟਨਾ, ਬਿਮਾਰੀ, ਮੌਤ, ਕੰਮ ਕਰਨ ਦੀ ਆਰਜ਼ੀ ਸ਼ਕਤੀਹੀਨਤਾ, ਬੁਢਾਪੇ ਆਦਿ ਵਿਚ ਮਦਦ ਮਿਲ ਸਕੇ ? ਜੇ ਹਨ ਤਾਂ ਉਨ੍ਹਾਂ

ਦੇ ਨਿਯਮ, ਉਪਨਿਯਮ ਆਦਿ ਭੇਜ ਦਿਓ ।

(96) ਕੀ ਏਸ ਤਰ੍ਹਾਂ ਦੀਆਂ ਸੰਸਥਾਵਾਂ ਦੀ ਮੈਂਬਰਸ਼ਿਪ ਸਾਰਿਆਂ ਲਈ ਲਾਜ਼ਮੀ ਹੈ ਜਾਂ ਹਰੇਕ ਦੀ ਆਪਣੀ ਇੱਛਾ ਮੁਤਾਬਕ ?

(97) ਜੇ ਏਨ੍ਹਾਂ ਦੀ ਮੈਂਬਰਸ਼ਿਪ ਸਾਰਿਆਂ ਲਈ ਲਾਜਮੀ ਹੈ ਤੇ ਉਨ੍ਹਾਂ ਤੇ ਮਾਲਕ ਦਾ ਕਬਜ਼ਾ ਹੈ ਤਾਂ ਕੀ ਏਨ੍ਹਾਂ ਦਾ ਚੰਦਾ ਮਾਲਕ ਤੁਹਾਡੀ ਤਨਖਾਹ 'ਚੋਂ ਕੱਟ ਲੈਂਦਾ ਹੈ ? ਕੀ ਏਸ ਰਕਮ ਤੇ ਕੋਈ ਸੂਦ ਮਿਲਦਾ ਹੈ ? ਜੇ ਕੋਈ ਮਜ਼ਦੂਰ ਕੰਮ ਛੱਡ ਦੇਵੇ ਜਾਂ ਉਸਨੂੰ ਕੰਮ ਤੋਂ ਕੱਢ ਦਿੱਤਾ ਜਾਵੇ ਤਾਂ ਕੀ ਉਸਦਾ ਦਿੱਤਾ ਹੋਇਆ ਚੰਦਾ ਉਸਨੂੰ ਮੋੜ ਦਿੱਤਾ ਜਾਂਦਾ ਹੈ ? ਕੀ ਤੁਹਾਡੀ ਜਾਣਕਾਰੀ ਵਿਚ ਅਜਿਹੇ ਮਜ਼ਦੂਰ ਹਨ ਜਿਨ੍ਹਾਂ ਨੂੰ ਮਾਲਕਾਂ ਦੇ ਕਬਜ਼ੇ ਵਾਲੀਆਂ ਏਨ੍ਹਾਂ ਅਖੌਤੀ ਬੱਚਤ ਸੰਸਥਾਵਾਂ ਤੋਂ ਫਾਇਦਾ ਹੋਇਆ ਹੋਵੇ, ਜਿਨ੍ਹਾਂ ਦੀ ਪੂੰਜੀ ਹਕੀਕਤਨ ਮਜ਼ਦੂਰਾਂ ਦੇ ਚੰਦਿਆਂ ਤੋਂ ਇਕੱਤਰ ਹੋਈ ਹੈ ।

(98) ਕੀ ਤੁਹਾਡੇ ਉਦਯੋਗ ਵਿਚ ਸਹਿਕਾਰੀ ਸੰਸਥਾਵਾਂ ਹਨ ? ਉਨ੍ਹਾਂ ਨੂੰ ਕਿਸ ਤਰ੍ਹਾਂ ਚਲਾਇਆ ਜਾਂਦਾ ਹੈ ? ਕੀ ਉਨ੍ਹਾਂ ਵਿਚ ਬਾਹਰ ਤੋਂ ਮਜ਼ਦੂਰਾਂ ਨੂੰ ਉਸੇ ਤਰ੍ਹਾਂ ਕੰਮ ਤੇ ਲਾਇਆ ਜਾਂਦਾ ਹੈ, ਜਿਸ ਤਰ੍ਹਾਂ ਪੂੰਜੀਪਤੀ ਲਾਉਂਦੇ ਹਨ ? ਉਨ੍ਹਾਂ ਦੇ ਨਿਯਮ ਤੇ ਉਪਨਿਯਮ ਭੇਜ ਦਿਉ ।

(99) ਕੀ ਤੁਹਾਡੇ ਉਦਯੋਗ ਵਿਚ ਅਜਿਹੇ ਕਾਰਖਾਨੇ ਹਨ ਜਿਥੇ ਮਜ਼ਦੂਰਾਂ ਦੀ ਤਨਖਾਹ ਦਾ ਇੱਕ ਹਿੱਸਾ ਤਨਖਾਹ ਦੀ ਸ਼ਕਲ ਵਿਚ ਹੀ ਦਿੱਤਾ ਜਾਂਦਾ ਹੈ ਤੇ ਇੱਕ ਹਿੱਸਾ ਮੁਨਾਫੇ ਦੀ ਅਖੌਤੀ ਸਾਂਝੇਦਾਰੀ ਦੀ ਸ਼ਕਲ ਵਿਚ ? ਏਸ ਤਰ੍ਹਾਂ ਦੇ ਕਾਰਖਾਨਿਆਂ ਦੇ ਮਜ਼ਦੂਰਾਂ ਦੀ ਤਨਖਾਹ ਦੀ ਤੁਲਨਾ ਉਨ੍ਹਾਂ ਕਾਰਖਾਨਿਆਂ ਦੇ ਮਜ਼ਦੂਰਾਂ ਦੀ ਤਨਖਾਹ ਨਾਲ ਕਰੋ, ਜਿਥੇ ਏਸ ਤਰ੍ਹਾਂ ਦੀ ਅਖੌਤੀ ਮੁਨਾਫੇ ਵਿਚ ਸਾਂਝੇਦਾਰੀ ਦੀ ਹੋਂਦ ਨਹੀਂ ਹੈ । ਏਸ ਤਰ੍ਹਾਂ ਦੇ ਕਾਰਖਾਨਿਆਂ ਦੀ, ਜਿਥੇ ਸਾਂਝੇਦਾਰੀ ਹੈ, ਇਕ ਲਿਸਟ ਬਣਾ ਦਿਓ । ਕੀ ਉਥੋਂ ਦੇ ਮਜ਼ਦੂਰ ਹੜਤਾਲ ਆਦਿ ਕਰ ਸਕਦੇ ਹਨ ? ਜਾਂ ਉਨ੍ਹਾਂ ਨੂੰ ਸਿਰਫ ਮਾਲਕਾਂ ਦੇ ਅਦਨਾ ਨੌਕਰ ਬਣਕੇ ਹੀ ਜਿਉਣ ਦੀ ਇਜ਼ਾਜ਼ਤ ਹੈ ?

100 ਤੁਹਾਡੇ ਉਦਯੋਗ ਵਿਚ ਕੰਮ ਕਰ ਰਹੇ ਮਰਦ ਅਤੇ ਔਰਤ ਮਜ਼ਦੂਰਾਂ ਦੀ ਆਮ ਸ਼ਰੀਰਕ, ਬੌਧਕ ਅਤੇ ਨੈਤਿਕ ਅਵਸਥਾ ਬਾਰੇ ਦੱਸੋ ।

(101) ਏਨ੍ਹਾਂ ਸਵਾਲਾਂ ਤੋਂ ਇਲਾਵਾ ਤੁਸੀਂ ਕੁਝ ਹੋਰ ਦੱਸਣਾ ਚਾਹੋ ਤਾਂ ਮਿਹਰਬਾਨੀ ਕਰਕੇ ਜ਼ਰੂਰ ਦਸੋ ।

ਪੰਜਾਬੀ ਅਨੁਵਾਦ : ਚਮਨ ਲਾਲ

---

**ਮਿੰਨੀ ਕਹਾਣੀ**

## ਕੀ ਹੁਣ ਬੱਚਿਆਂ ਨੂੰ ਰੋਟੀ ਮਿਲਣ ਲੱਗਗੀ

**—ਨਵਦੀਪ 'ਬਾਗੀ'**

ਕਾ. ਮਨਜੀਤ ਨੂੰ ਗੁਪਤਵਾਸ ਰਹਿ ਕੇ, ਇਕ ਗੁਪਤ ਇਨਕਲਾਬੀ ਪਾਰਟੀ ਵਿਚ ਕੰਮ ਕਰਦਿਆਂ ਕਾਫੀ ਸਮਾਂ ਲੰਘ ਗਿਆ ਸੀ, ਪਹਿਲਾਂ ਉਹ ਇਕ ਜਨਤਕ ਜਥੇਬੰਦੀ ਵਿਚ ਕਾਫੀ ਮਸ਼ਹੂਰ ਲੀਡਰ ਰਹਿ ਚੁੱਕਾ ਸੀ। ਉਹ ਆਪਣੀ ਭੈਣ ਨੂੰ ਮਿਲਣ ਸ਼ਹਿਰ ਆਇਆ ਹੋਇਆ ਸੀ । ਉਸ ਨੇ ਕਿਸੇ ਕੰਮ ਸ਼ਹਿਰ ਦੇ ਦੂਸਰੇ ਪਾਸੇ ਜਾਣਾ ਸੀ। ਨਾਲ ਉਸ ਦਾ ਚਾਰ ਕੁ ਸਾਲਾ ਦਾ ਭਾਣਜ਼ਾ ਬਿੱਟੂ ਸੀ ਜੋ ਕਿ ਮੂਹਰੇ ਡੰਡੇ ਤੇ ਲੱਗੀ ਛੋਟੀ ਜਿਹੀ ਕਾਠੀ ਤੇ ਬੈਠਾ ਹੋਇਆ ਸੀ। ਸੀ. ਆਈ. ਡੀ. ਦੀਆਂ ਨਜ਼ਰਾਂ ਚੋਂ ਬਚੇ ਰਹਿਣ ਦੇ ਮਕਸਦ ਨਾਲ ਜਦੋਂ ਉਸ ਨੇ ਸਾਇਕਲ ਮੇਨ ਬਾਜ਼ਾਰ ਵੱਲ ਮੋੜਨ ਦੀ ਥਾਂ ਇਕ ਘੱਟ ਚੱਲਣ ਵਾਲੀ ਗਲੀ ਵੱਲ ਮੋੜਿਆ ਤਾਂ ਬਿੱਟੂ ਨੇ ਝੱਟ ਕਿਹਾ,

"ਮਾਮਾ ਬਾਜ਼ਾਰ ਵਿਚੋਂ ਦੀ ਚੱਲ ਗਾਂ ।"

"ਨਹੀਂ ਬਾਜ਼ਾਰ ਵਿਚੋਂ ਦੀ ਨਹੀਂ ਜਾਣਾ, ਉਧਰ ਮੈਨੂੰ ਪੁਲਸ ਫੜ੍ਹ ਲੈਂਦੀ ਐ ।"

"ਮਾਮਾ ਪੁਲਸ ਕਾਹ ਤੋਂ ਫੜਦੀ ਐ ?"

"ਆਪਣੇ ਦੇਸ਼ ਵਿਚ ਬਹੁਤ ਸਾਰੇ ਬੱਚੇ ਭੁੱਖੇ ਮਰ ਜਾਂਦੇ ਨੇ ਉਨ੍ਹਾਂ ਨੂੰ ਰੋਟੀ ਨੀਂ ਮਿਲਦੀ, ਅਸੀਂ ਕਹਿੰਦੇ ਹਾਂ ਕਿ ਬੱਚਿਆਂ ਨੂੰ ਰੋਟੀ ਮਿਲਣੀ ਚਾਹੀਦੀ ਹੈ...।"

... ... ... ... ... ... ... ... ... ... ... ...

ਸਾਲ ਦੇ ਕਰੀਬ ਲੰਘ ਗਿਆ, ਉਹ ਫਿਰ ਆਪਣੀ ਭੈਣ ਨੂੰ ਮਿਲਣ ਆਇਆ ਹੋਇਆ ਸੀ। ਮਹੀਨਾ ਕੁ ਪਹਿਲਾਂ ਉਸ ਨੇ ਇਨਕਲਾਬੀ ਪਾਰਟੀ 'ਚੋਂ ਅਸਤੀਫਾ ਦੇ ਦਿੱਤਾ ਸੀ ਤੇ ਆਪਣੀ ਸਾਧਾਰਨ ਜ਼ਿੰਦਗੀ ਜਿਉਂਣੀ ਸ਼ੁਰੂ ਕਰ ਦਿੱਤੀ ਸੀ। ਇਕ ਦਿਨ ਜਦੋਂ ਉਹ ਤੇ ਉਸ ਦਾ ਭਾਣਜਾ ਬਿੱਟੂ ਫਿਰ ਸ਼ਹਿਰ ਵਿਚ ਜਾ ਰਹੇ ਸਨ, ਜਦੋਂ ਉਸ ਨੇ ਸਾਇਕਲ ਮੇਨ ਬਾਜ਼ਾਰ ਵੱਲ ਮੋੜ ਲਿਆ ਤਾਂ ਬਿੱਟੂ ਨੇ ਪਹਿਲਾਂ ਵਾਲੀ ਉਸ ਗਲੀ ਵੱਲ ਇਸ਼ਾਰਾ ਕਰਕੇ ਕਿਹਾ :

"ਮਾਮਾ ਉਧਰ ਦੀ ਚੱਲ, ਇਧਰ ਪੁਲਸ ਫੜ ਲਊ ।"

"ਨਹੀਂ, ਹੁਣ ਨਹੀਂ ਪੁਲਸ ਫੜਦੀ, ਆਪਾਂ ਬਾਜ਼ਾਰ ਵਿਚੋਂ ਦੀ ਜਾਵਾਂਗੇ ।"

"ਮਾਮਾ ਕੀ ਹੁਣ ਬੱਚਿਆਂ ਨੂੰ ਰੋਟੀ ਮਿਲਣ ਲੱਗ ਪੀ ?"

ਉਸ ਦੇ ਦਿਮਾਗ਼ ਨੂੰ ਇਉਂ ਝਟਕਾ ਲੱਗਿਆ ਜਿਵੇਂ ਕਿਸੇ ਨੇ ਉਸ ਦੇ ਸਿਰ ਵਿਚ ਡਾਂਗ ਮਾਰੀ ਹੋਵੇ । o

# ਕਰ ਕਮਲ ਹੋ ਗਏ

—ਹਰੀ ਸ਼ੰਕਰ ਪਰਸਾਈ

ਪਿਛਲੇ ਮਹੀਨੇ ਤੋਂ ਆਪਣੇ ਹੱਥ ਵੀ ਕਮਲ ਹੋ ਗਏ ਹਨ। ਮੇਰੇ ਕੋਲ ਤਿੰਨ ਕਾਲਜਾਂ ਦੇ ਸਮਾਗਮਾਂ ਦੇ ਸੱਦਾ-ਪੱਤਰ ਪਏ ਹਨ, ਜਿਨ੍ਹਾਂ ਵਿਚ ਸ੍ਰੀ ਮਾਨ ਅਤੇ ਜਾਂ ਸ੍ਰੀ ਮਤੀ ਜੀ ਨੂੰ ਕਿਹਾ ਗਿਆ ਹੈ ਕਿ ਉਦਘਾਟਨ ਇਸ ਦੇ ਕਰ ਕਮਲਾਂ ਨਾਲ ਹੋਵੇਗਾ। ਇਹ ਮੈਂ ਕਰ ਵੀ ਆਇਆ। ਚਰਨ ਕਮਲਾਂ ਨਾਲ ਮੰਚ ਉਪਰ ਚੜ੍ਹਿਆ ਕਮਲ ਨੈਣਾਂ ਨਾਲ ਲੋਕਾਂ ਨੂੰ ਦੇਖਿਆ, ਕਰ ਕਮਲਾਂ ਨਾਲ ਫੀਤਾ ਕੱਟਿਆ ਅਤੇ ਮੁੱਖ ਕਮਲ ਨਾਲ ਭਾਸ਼ਨ ਦੇ ਦਿੱਤਾ। ਉਨ੍ਹਾਂ ਲੋਕਾਂ ਨੇ ਸਿਰਫ ਹੱਥਾਂ ਨੂੰ ਹੀ ਕਮਲ ਕਿਹਾ ਸੀ, ਮੈਂ ਸਾਰੇ ਸਰੀਰ ਨੂੰ ਹੀ ਕਮਲ ਬਣਾ ਲਿਆ। ਅਜਿਹਾ ਦੇਵਤਿਆਂ ਦਾ ਹੁੰਦਾ ਹੈ। ਰਾਮ ਦੇ ਤਾਂ ਨਹੁੰ ਤੱਕ ਕਮਲ ਦੇ ਸਨ। ਦੇਵਤਿਆਂ ਦਾ ਇਕ ਕੰਮ ਤਾਂ ਮੈਂ ਵੀ ਕਰਦਾ ਹਾਂ। ਆਕਾਸ਼ਬਾਣੀ ਕਰਦਾ ਹਾਂ। ਰੇਡੀਓ ਤੋਂ ਬੋਲਦਾ ਹਾਂ ਅਤੇ ਰੇਡੀਓ ਦਾ ਹਿੰਦੀ ਨਾਂ ਆਕਾਸ਼ਬਾਣੀ ਹੈ। ਜਿਸ ਰਾਹ ਰੋਜ਼ ਨਿਕਲਦਾ ਹਾਂ, ਉਸ ਦਾ ਨਾਂ ਹੀ ਮਹਾਤਮਾ ਗਾਂਧੀ ਮਾਰਗ ਹੈ। ਨਾਮ ਨਾਲ ਬੰਦਾ ਤਰ ਜਾਂਦਾ ਹੈ। ਉਲਟੇ ਨਾਮ ਨਾਲ ਵੀ ਤਰ ਜਾਂਦਾ ਹੈ। ਕੋਈ 'ਮਰਾ-ਮਰਾ' ਪੁਕਾਰ ਰਿਹਾ ਸੀ ਤਾਂ ਰਾਮ ਦੇ ਉਸ ਨੂੰ ਸਿੱਧਾ ਸਵਰਗ ਭੇਜ ਦਿੱਤਾ। ਵੱਡੇ ਆਦਮੀ ਛੋਟਾ ਅਹਿਸਾਨ ਕਰਕੇ 'ਪ੍ਰਾਪੇਗੰਡਾ ਸਟੰਟ' ਕਰਦੇ ਹਨ।

ਮੇਰੇ ਵਿਕ ਦੋਸਤ ਦੇ ਕਰ ਵੀ ਕਮਲ ਹੋ ਗਏ ਹਨ। ਮੇਰੇ ਨਾਲੋਂ ਕੁਝ ਵਧੀਆ ਕੁਆਲਿਟੀ ਦੇ, ਕਿਉਂਕਿ ਉਹ ਪੰਜ ਉਦਘਾਟਨ ਇਸ ਮੌਸਮ ਵਿਚ ਕਰ ਚੁੱਕੇ ਹਨ। ਉਹ ਮੇਰੇ ਹੱਥਾਂ ਨੂੰ ਉਲਟ ਪਲਟ ਕੇ ਦੇਖਦੇ ਹਨ ਅਤੇ ਮੈਂ ਉਨ੍ਹਾਂ ਦੇ ਦੇਖਦਾ ਹਾਂ। ਅਤੇ ਉਹ ਕਹਿੰਦੇ ਹਨ—"ਯਾਰ ਦੋਹਾਂ ਦੇ ਹੱਥ ਅਚਾਨਕ ਕਮਲ ਕਿਵੇਂ ਹੋ ਗਏ? ਇਹ ਗੱਲ ਕੀ ਹੈ?"

ਸੱਚਮੁੱਚ ਇਹ ਗੱਲ ਕੀ ਹੈ? ਮੈਂ ਬਹੁਤ ਕੋਸ਼ਿਸ਼ ਕੀਤੀ ਹੈ ਕਿ ਹੱਥ ਕਮਲ ਨਾ ਹੋ ਜਾਣ। ਹਥੇਲੀ ਉਪਰ ਮੈਂ ਕੰਡੇ ਬੀਜੇ ਹਨ। ਪਰ ਪਤਾ ਨਹੀਂ ਕੀ ਹੋਇਆ ਕਿ ਕਰ ਅਚਾਨਕ ਕਮਲ ਹੋ ਗਏ। ਹੁਣ ਮੈਂ ਪ੍ਰੇਸ਼ਾਨ ਹਾਂ। ਜਿਨ੍ਹਾਂ ਦੇ ਹੱਥ ਮੈਥੋਂ ਪਹਿਲਾਂ ਕਮਲ ਹੋ ਗਏ ਸਨ, ਉਨ੍ਹਾਂ ਦੀ ਦੁਰਦਸ਼ਾ ਮੈਂ ਦੇਖ ਰਿਹਾ ਹਾਂ। ਉਹ ਕਰ ਕਮਲਾਂ ਨਾਲ ਉਦਘਾਟਨ ਕਰਨ ਜਾਂਦੇ ਹਨ ਅਤੇ ਮੁੱਖ ਕਮਲ ਖੋਲ੍ਹਦੇ ਹਨ ਕਿ ਮਾਈਕ ਦੀ ਤਬਦੀਅਤ ਥੱਪੜ ਜੜ ਦੇਣ ਦੀ ਹੁੰਦੀ ਹੈ। ਹਾਲੀ ਉਸ ਨੇ ਜ਼ਬਤ ਰੱਖਿਆ ਹੋਇਆ ਹੈ, ਪਰ ਇਕ ਵੇਲਾ ਅਜਿਹਾ ਆਏਗਾ ਜਦੋਂ ਮਾਈਕ ਮੁੱਖ ਕਮਲ ਵਿਚ ਘੁਸ ਕੇ ਘੰਡੀ ਬੰਦ ਕਰ ਦੇਵੇਗਾ। ਕਰ ਕਮਲ ਵਾਲੇ ਮੂੰਹ ਖੋਲ੍ਹਦੇ ਹਨ ਕਿ ਮੁੰਡੇ "ਭਾਸ਼ਨ ਨਹੀਂ ਨੌਕਰੀ ਦਿਓ!" ਉਹ ਸੰਭਾਲ ਕੇ ਕਹਿੰਦੇ ਹਨ, "ਇਹ ਦੇਸ਼ ਤੁਹਾਡਾ ਨੌਜਵਾਨਾਂ ਦਾ ਹੈ।" ਮੁੰਡੇ ਕਹਿੰਦੇ ਹਨ, "ਬਕਵਾਸ ਬੰਦ ਕਰੋ।" ਉਹ ਕਹਿੰਦੇ ਹਨ, "ਇਸ ਦੇਸ਼ ਦਾ ਤੁਸੀਂ ਨਿਰਮਾਣ ਕਰਨਾ ਹੈ।" ਮੁੰਡੇ ਕਹਿੰਦੇ ਹਨ, "ਚੁੱਪ ਕਰ ਓਏ!" ਓਹ ਕਹਿੰਦੇ ਹਨ, "ਸਾਨੂੰ ਤੁਹਾਥੋਂ ਵੱਡੀਆਂ ਆਸਾਂ ਹਨ।" ਮੁੰਡੇ ਚੀਕਦੇ ਹਨ, "ਸ਼ੱਟ-ਅੱਪ!" ਫਿਰ ਘਿਰਾਓ, ਨਾਅਰੇ, ਜੁੱਤੀ ਸੁੱਟੀ ਜਾਂਦੀ ਹੈ ਅਤੇ ਕਈ ਵਾਰੀ ਕੁਟਾਈ ਵੀ ਹੁੰਦੀ ਹੈ।

ਇਹ ਕਮਲ ਹੁਣ ਕਾਲਜਾਂ ਵਿਚ ਜਾਣ ਤੋਂ ਡਰਨ ਲੱਗੇ ਹਨ। ਉਦਘਾਟਨ ਕਰਨ ਵਾਲਿਆਂ ਦੀ ਥੁੜੋਂ ਹੋਣ ਲੱਗ ਪਈ ਸੀ। ਜੁੱਤੀਆਂ ਖਾਣ ਲਈ ਕਮਲ ਤਾਂ ਚਾਹੀਦਾ ਹੀ ਹੈ। ਹੁਣ ਮੇਰੇ ਵਰਗੇ ਲੋਕਾਂ ਦੇ ਕਰ ਕਮਲ ਬਣਾ ਦਿੱਤੇ ਗਏ ਹਨ। ਸਰਵਜਨਕ ਜ਼ਿੰਦਗੀ ਵਿਚ ਇਕ ਅਜਿਹਾ ਸਮਾਂ ਆਉਂਦਾ ਹੈ ਜਦੋਂ ਕਮਲ ਉੱਪਰ ਜੁੱਤੀਆਂ ਪੈਂਦੀਆਂ ਹਨ।

ਅਖ਼ਬਾਰ ਵਿਚ ਇਹ ਜਿਨ੍ਹਾਂ ਦੀ ਤਸਵੀਰ ਹੈ, ਉਨ੍ਹਾਂ ਦੇ ਹੱਥ ਪਿਛਲੇ ਪੰਦਰਾਂ ਸਾਲ ਤੋਂ ਕਮਲ ਹਨ।

ਸੈਂਕੜੇ ਸੱਦਾ-ਪੱਤਰ ਇਸ ਦਾ ਸਬੂਤ ਹਨ। ਕੱਲ ਹੀ ਇਕ ਯੂਨੀਵਰਸਿਟੀ ਵਿਚ ਵਧੀਆ ਵਧੀਆ ਗੱਲਾਂ ਕਹਿੰਦੇ ਕੁੱਟੇ ਗਏ। ਅੱਜ ਕੱਲ ਦੇਖ ਰਿਹਾ ਹਾਂ ਕਿ ਚੰਗੀਆਂ ਗੱਲਾਂ ਕਹਿਣ ਵਾਲਿਆਂ ਦੀ ਜ਼ਿਆਦਾ ਕੁਟਾਈ ਹੁੰਦੀ ਹੈ। ਹੁਣ ਲੋਕ ਚੰਗੀਆਂ ਗੱਲਾਂ ਕਹਿਣ ਦਾ ਹੱਕ ਹਰ ਕਿਸੇ ਨੂੰ ਦੇਣਾ ਨਹੀਂ ਚਾਹੁੰਦੇ। ਜਿਸ ਦੇਸ਼ ਵਿਚ ਚੰਗੀਆਂ ਗੱਲਾਂ ਕਹਿਣ ਕਾਰਨ ਆਦਮੀ ਕੁਟਿਆ ਜਾਵੇ, ਉਸ ਵਿਚ ਚੰਗੀਆਂ ਗੱਲਾਂ ਕਹਿਣ ਵਾਲਿਆਂ ਨੇ ਕੀ ਕਮਾਲ ਨਾ ਕੀਤਾ ਹੋਵੇਗਾ?

ਕਲ ਮੁੱਖ ਕਮਲ ਤੋਂ ਚੰਗੀਆਂ ਗੱਲਾਂ ਕਹਿੰਦਿਆਂ ਜਿਨ੍ਹਾਂ ਦੀ ਕੁਟਾਈ ਹੋਈ ਸੀ, ਉਹ ਇਸ ਤਸਵੀਰ ਵਿਚ ਮੁਸਕਰਾਉਂਦੇ ਹੋਏ ਪਾਲਮ ਹਵਾਈ ਅੱਡੇ ਉੱਪਰ ਬਿਦੇਸ਼ੀ ਮਹਿਮਾਨ ਦਾ ਸਵਾਗਤ ਕਰ ਰਹੇ ਹਨ। ਬਿਦੇਸ਼ੀ ਸਰਕਾਰੀ ਮਹਿਮਾਨ ਦੀ ਮੁਸਕ੍ਰਾਹਟ ਇੰਨੀ ਵਧੀਆ ਹੈ ਕਿ ਲੱਗਦਾ ਹੈ, ਉਹ ਵੀ ਆਪਣੇ ਦੇਸ਼ ਵਿਚ ਟੰਬੇ ਖਾ ਕੇ ਹਵਾਈ ਜਹਾਜ ਵਿਚ ਬੈਠੇ ਹੋਣਗੇ।

ਬਿਨਾਂ ਮਾਰ ਖਾਧਿਆਂ ਅਜਿਹੀ ਅੱਡੀ ਮੁਸਕਾਨ ਨਹੀਂ ਆ ਸਕਦੀ, ਇਹ ਸਾਡਾ ਕੁੱਟ ਖਾ ਕੇ ਮੁਸਕ੍ਰਾਉਣ ਵਾਲਾ ਦੱਸ ਰਿਹਾ ਹੈ। ਇਸ ਦੇਸ਼ ਵਿਚ ਇਹ ਬਹੁਤ ਅਜੀਬ ਗੱਲ ਕਿ ਜੋ ਜਿੰਨਾ ਕੁੱਟਿਆ ਜਾਂਦਾ ਹੈ, ਉਹ ਉਤਨਾ ਹੀ ਵਧੀਆ ਮੁਸਕ੍ਰਾਉਂਦਾ ਹੈ।

ਬਿਦੇਸ਼ੀ ਮਹਿਮਾਨ ਨੂੰ ਇਹ ਆਪਣਾ ਕਮਲ ਵਾਲਾ ਕੀ ਕਹਿ ਰਿਹਾ ਹੈ? ਉਹ ਜੋ ਕੁਝ ਕਹਿੰਦਾ ਹੈ, ਅਖਖਾਰਾਂ 'ਚਚ ਨਹੀਂ ਛਪਦਾ। ਉਹਕਹਿੰਦਾ ਹੈ—"ਸਾਹਬ ਸਾਡੀ ਸ਼ਰਮ ਹੁਣ 20-22 ਸਾਲ ਦੀ ਜਵਾਨ ਲੜਕੀ ਹੋ ਗਈ ਹੈ। ਪਰ ਉਹ ਨੰਗੀ ਰਹਿੰਦੀ ਹੈ। ਜਦੋਂ ਤੁਸੀਂ ਆਉਂਦੇ ਹੋ ਤਾਂ ਆਪਣੀ ਮੁਸਕਾਨ ਦੀ ਰੇਸ਼ਮੀ ਸਾੜੀ ਆਪਣੀ ਨੰਗੀ ਸ਼ਰਮ ਨੂੰ ਪਹਿਨਾ ਕੇ ਤੁਹਾਡੇ ਸਾਹਮਣੇ ਪੇਸ਼ ਕਰਦੇ ਹਾਂ। ਤੁਸੀਂ ਇਸ ਨਾਲ ਵਿਆਹ ਕਰ ਲਉ, ਇਹ ਬਿਲਕੁਲ ਕੁਆਰੀ ਹੈ। ਅਸੀਂ ਹਰ ਚੀਜ਼ ਦਾ ਕੁਆਰਪਨ ਭੰਗ ਹੋ ਜਾਣ ਦਿਤਾ ਹੈ, ਪਰ ਸ਼ਰਮ ਦੇ ਕੁਆਰਪਨ ਦੀ ਰੱਖਿਆ ਕੀਤੀ ਹੈ।"

ਇਸ ਤੋਂ ਬਾਦ ਉਹ ਆਪਣੇ ਕਰ ਕਮਲਾਂ ਨਾਲ ਦੋ ਦਰਸ਼ਨੀ ਹੁੰਡੀਆਂ ਕੱਢੇਗਾ—ਇਕ ਚੀਨ ਦੀ ਅਤੇ ਦੂਜੀ ਪਾਕਿਸਤਾਨ ਦੀ ਅਤੇ ਫੌਰਨ ਭੁਗਤਾਨ ਕਰਾ ਲਵੇਗਾ। ਫਿਰ ਓਹ ਕਿਸੇ ਜਾਦੂ ਨਾਲ ਚੀਨ ਅਤੇ ਪਾਕਿਸਤਾਨ ਨੂੰ ਬੱਚਿਆਂ ਨੂੰ ਡਰਾਉਣ ਵਾਲੇ 'ਬਾਬਾ ਬਣਾ ਲਵੇਗਾ। ਬੱਚੇ 'ਭੁੱਖ ਕਾਰਨ ਰੋਣਗੇ ਤਾਂ ਉਹ ਕਹੇਗਾ—"ਚੁੱਪ ਸੌਂ ਜਾਹ। ਬਾਬਾ ਆਉਂਦੇ ਨੇ। ਚੀਨ ਅਤੇ ਪਾਕਸਤਾਨ ਫੜ ਕੇ ਲੈ ਜਾਣਗੇ।" ਬੱਚੇ ਡਰ ਨਾਲ ਭੁੱਖ ਨੂੰ ਮਾਰ ਕੇ ਸੌਂ ਜਾਣਗੇ।

ਫਿਰ ਬਿਦੇਸ਼ੀ ਕਹੇਗਾ—"ਕਮਲ ਤੁਹਾਡੇ ਦੇਸ਼ ਦੀ ਮਹਾਨ ਸ਼ੰਸਕ੍ਰਿਤੀ ਹੈ।" ਆਪਣਾ ਕਹੇਗਾ—ਸੰਸਕ੍ਰਿਤੀ ਦੀ ਹੱਡੀ ਨੂੰ ਹੁਣ ਕੁੱਤੇ ਚੱਬਦੇ ਹੋਏ ਘੁੰਮ ਰਹੇ ਹਨ। ਸੰਸਕ੍ਰਿਤੀ ਦੀ ਹੱਡੀ ਕੁੱਤੇ ਦਾ ਜਬ੍ਹਾੜਾ ਭੰਨ ਕੇ ਉਸ ਦੇ ਖੂਨ ਨੂੰ ਉਸੇ ਤੋਂ ਹੀ ਬੜੇ ਸਵਾਦ ਨਾਲ ਚਟਵਾ ਰਹੀ ਹੈ। ਹਾਂ, ਅਸੀਂ ਵਿਸ਼ਵ-ਭਾਈਚਾਰੇ ਨੂੰ ਮੰਨਦੇ ਹਾਂ ਭਾਵ ਆਪਣੇ ਭਾਈ ਤੋਂ ਬਿਨਾਂ ਬਾਕੀ ਦੁਨੀਆਂ ਭਰ ਨੂੰ ਭਾਈ ਮੰਨਦੇ ਹਾਂ।"

ਇਹ ਕਮਲ ਹੁਣ ਪੁਲਸ ਦੀ ਰਾਖੀ ਵਿਚ ਖਿੜਦੇ ਹਨ। ਇਹ ਨਵੀਂ ਕਿਸਮ ਦਾ ਕਮਲ ਇਸ ਦੇਸ਼ ਵਿਚ ਪੈਦਾ ਹੋਇਆ, ਹੈ ਜੋ ਖਿੜਦਾ ਹੀ ਓਦੋਂ ਹੈ ਜਦੋਂ ਆਸ ਪਾਸ ਪੁਲਸ ਹੋਵੇ। ਵਨਸਪਤੀ-ਵਿਗਿਆਨਕਾਂ ਨੂੰ ਇਸ ਦਾ ਅਧਿਐਨ ਕਰਨਾ ਚਾਹੀਦਾ ਹੈ। ਨੇਤਾਗਿਰੀ-ਵਿਗਿਆਨੀਆਂ ਦੇ ਇਹ ਕੰਮ ਦਾ ਨਹੀਂ ਕਿਉਂਕਿ ਇਹ ਆਦਮੀ ਨਹੀਂ; ਕਮਲ ਹੈ। ਕਮਲ ਸੂਰਜ ਨੂੰ ਦੇਖ ਕੇ ਖਿੜਦਾ ਹੈ ਅਤੇ ਸੂਰਜ ਛਿਪਣ ਤੇ ਬੰਦ ਹੋ ਜਾਂਦਾ ਹੈ। ਇਹ ਨਵਾਂ ਕਮਲ ਪੁਲਸ ਨੂੰ ਦੇਖ ਕੇ ਖਿੜਦਾ ਹੈ, ਪੁਲਸ ਨਾ ਦਿਖੇ ਤਾਂ ਮੁਰਝਾ ਜਾਂਦਾ ਹੈ। ਬਹੁਤ ਸੁੰਦਰ ਨਜ਼ਾਰਾ ਹੁੰਦਾ ਹੈ—ਅੱਗੇ ਪੁਲਸ, ਪਿੱਛੇ ਪੁਲਸ, ਖੱਬੇ ਪੁਲਸ, ਸੱਜੇ ਪੁਲਸ ਅਤੇ ਵਿਚਕਾਰ ਇਹ ਕਮਲ ਮੁਸਕ੍ਰਾਉਂਦਾ ਤੁਰਿਆ ਜਾਂਦਾਂ ਹੈ। ਇਕ ਸੁੱਕਾ ਤਲਾਅ ਹੈ, ਜਿਸ ਵਿਚ ਖਾਕੀ ਲਹਿਰਾਂ ਉਠ ਰਹੀਆਂ ਹਨ। ਖਾਕੀ ਲਹਿਰਾਂ ਦੇ ਵਿਚ ਇਹ ਕਮਲ ਖਿੜਦਾ ਹੈ।

ਜਦੋਂ ਲੋਕ ਕਰਾਂ ਨੂੰ ਕਮਲ ਬਣਾਉਣ ਉਪਰ ਤੁੱਲ ਹੀ ਗਏ ਹਨ ਤਾਂ ਆਪਣੇ ਬਾਰੇ ਵਿਚ ਫਿਕਰ ਲਗ ਗਿਆ ਹੈ। ਇਹ ਰੋਲ ਕਿਵੇਂ ਨਿਭੇਗਾ? ਇਕ ਤਾਂ ਮੈਂ ਹਰਗਿਜ਼ ਚੰਗੀਆਂ ਗੱਲਾਂ ਨਹੀਂ ਕਹਾਂਗਾ। ਇਸ ਦੇਸ਼ ਦਾ ਬੰਦਾ ਲਗਾਤਾਰ ਚੰਗੀਆਂ ਗੱਲਾਂ ਨਾਲ ਮਾਰਿਆ ਗਿਆ ਹੈ। ਬਹੁਤੇ ਲੋਕਾਂ ਦਾ ਖਿਆਲ ਹੈ ਕਿ ਜਵਾਹਰ ਲਾਲ ਸ਼ੇਰ-ਵਾਨੀ ਨਾਲ ਗੁਲਾਬ ਦੇ ਫੁੱਲ ਦੀ ਬਜਾਏ ਕਮਲ ਦਾ ਫੁੱਲ ਟੰਗਦੇ ਤਾਂ ਵਧ ਚੰਗਾ ਹੁੰਦਾ। ਲਗਾਤਾਰ ਵਧੀਆ ਗੱਲਾਂ ਨੇ ਮਾਰਿਆ ਅਤੇ ਖੂਬਸੂਰਤ ਫੁੱਲ ਨੇ ਮਾਰਿਆ। ਮੈਂ ਜੇ ਆਪਣੇ ਮੁੱਖ-ਕਮਲ ਨਾਲ ਕੋਰੀਆਂ ਵਧੀਆਂ ਗਲਾਂ ਕਰਾਂ ਤਾਂ ਸਾਹਮਣੇ ਬੈਠੇ ਲੋਕ ਮੈਨੂੰ ਫੌਰਨ ਜੁੱਤੀਆਂ ਮਾਰ ਦੇਣ। ਪਰ ਬਹੁਤਿਆਂ ਦੇ ਪੈਰਾਂ ਵਿਚ ਜੁੱਤੀਆਂ ਹੀ ਨਹੀਂ ਹਨ, ਉਹ ਕੀ ਮਾਰਨਗੇ? ਸੰਵਿਧਾਨ ਵਿਚ ਜੁੱਤੀਆ ਮਾਰਨ ਦਾ ਬੁਨਿਆਦੀ ਅਧਿਕਾਰ ਤਾਂ ਹੋਣਾ ਹੀ ਚਾਹੀਦਾ ਹੈ। ਬੰਦੇ ਦੇ ਢਿੱਡ ਵਿਚ ਰੋਟੀ ਨਾ ਹੋਵੇ, ਸਰੀਰ ਉੱਪਰ ਕਪੜੇ ਨਾ ਹੋਣ, ਪਰ ਪੈਰਾਂ ਵਿਚ ਜੁੱਤੀ ਤਾਂ ਜ਼ਰੂਰ ਹੋਣੀ ਚਾਹੀਦੀ ਹੈ, ਜਿਸ ਨਾਲ ਉਹ ਜਦੋਂ ਜੀਅ ਕਰੇ ਬੁਨਿਆਦੀ ਅਧਿਕਾਰ ਦਾ ਪ੍ਰਯੋਗ ਕਰ ਸਕੇ।

ਮੈਂ ਕੋਈ ਚੰਗੀ ਗੱਲ ਨਹੀਂ ਕਹਿੰਦਾ। ਮੈਂ ਤਾਂ 'ਉਦਘਾਟਨ' ਨੂੰ ਵੀ ਬੁਰਾ ਸ਼ਬਦ ਮੰਨਦਾ ਹਾਂ। ਸਾਹਿਤ ਵਿਚ ਜੋ ਆਪਣੇ ਆਪ ਨੂੰ ਵਿਦਰੋਹੀ ਪੀੜੀ ਕਹਿੰਦੀ ਹੈ, ਉਸ ਦੇ ਇਕ ਸੰਗ੍ਰਿਹ ਦਾ ਉਦਘਾਟਨ ਕਰਨ ਲਈ ਮੈਨੂੰ ਬੁਲਾਇਆ ਗਿਆ ਸੀ। ਮੈਂ ਦੇਖਿਆ, ਆਮ ਜਿਹਾ ਹੀ ਸੁਨਹਿਰੀ ਸੱਦਾ-ਪੱਤਰ, ਉਸ ਵਿਚ ਉਹ ਹੀ ਹਾਜ਼ਰੀ ਨਾਲ ਸ਼ੋਭਾ' ਵਧਾਉਣ ਦੀ ਗੱਲ ਕਿਤਾਬ ਉਪਰ ਬੰਨ੍ਹਿਆਂ ਉਹ ਹੀ ਰੇਸ਼ਮੀ ਪੀਲਾ ਫੀਤਾ। ਇਸ ਵਿਚ ਵਿਦਰੋਹੀ ਪੀੜੀਪਣ ਕਿੱਥੇ ਹੈ? ਮੈਂ ਮਾਈਕ ਹੱਥ ਵਿਚ ਲੈਂਦਿਆਂ ਹੀ ਕਿਹਾ—"ਵਿਦਰੋਹੀ ਪੀੜੀ ਦਾ ਉਦਘਾਟਨ ਸਮਾਗਮ ਨਹੀਂ, ਵਿਸਫੋਟਨ' ਸਮਾਗਮ ਹੋਣਾ ਚਾਹੀਦਾ ਹੈ। ਸੱਦਾ-ਪੱਤਰ ਉਪਰ ਹੋਣਾ ਚਾਹੀਦਾ ਹੈ— "ਸਾਡੇ ਕਾਵਿ-ਸੰਗ੍ਰਹਿ ਦਾ ਵਿਸਫੋਟਨ ਫਲਾਣੇ ਸਮੇਂ ਹੋਵੇਗਾ। ਤੁਸੀਂ ਆਉਣਾ ਹੋਵੇ ਤਾਂ ਆਓ, ਵਰਨਾਂ ਐਸੀ-ਤੈਸੀ ਕਰਾਓ।" ਇਹ ਗਲ ਨੌਜਵਾਨਾਂ ਨੂੰ ਚੰਗੀ ਲੱਗੀ। ਗੱਲ ਚੰਗੀ ਨਹੀਂ ਸੀ ਨਾ!

ਸਫਲ ਕਮਲ ਹੋਣ ਦੀ ਮੈਂ ਪੂਰੀ ਕੋਸ਼ਿਸ਼ ਕਰਾਂਗਾ। ਸਾਰੇ ਹੱਥਕੰਡੇ ਸਿਖਾਂਗਾ। ਗੁਰੂਆਂ ਦੀ ਕਮੀ ਨਹੀਂ। ਇਕ ਗੁਰੂ ਮੈਂ ਪਿਛਲੇ ਸਾਲ ਪਾ ਲਿਆ। ਉਹ ਮੇਰੇ ਸ਼ਹਿਰ ਵਿਚ ਇਕ ਸਮਾਗਮ ਦਾ ਉਦਘਾਟਨ ਕਰ ਰਹੇ ਸਨ। ਬਹੁਤ ਭਾਵਕ ਹੋ ਕੇ ਬੋਲੇ—"ਵਾਹ ਜੱਬਲਪੁਰ! ਪੁੰਨ-ਭੂਮੀ ਹੈ। ਇਥੋਂ ਦੀ ਮਿੱਟੀ ਵਿਚ ਇਤਿਹਾਸ ਖਿੰਡਿਆ ਪਿਆ ਹੈ। ਇਥੋਂ ਦੀ ਧੂੜ ਚੰਦਨ ਹੈ। ਮੈਂ ਉਸ ਨੂੰ ਮੱਥੇ ਉਪਰ ਲਗਾਉਂਦਾ ਹਾਂ।" ਉਨ੍ਹਾਂ ਨੇ ਜੇਬ ਵਿਚੋਂ ਇਕ ਧੂੜ ਦੀ ਪੁੜੀ ਕੱਢੀ ਅਤੇ ਮੱਥੇ ਉਪਰ ਲਗਾ ਲਈ। ਸਾਹਬ, ਪੂਰਾ ਹਾਲ ਮੰਤਰ-ਮੁਗਧ ਹੋ ਗਿਆ ਅਤੇ ਉਨ੍ਹਾਂ ਨੇ ਭਾਸ਼ਨ ਘੰਟੇ ਤਕ ਵਧਾ ਦਿੱਤਾ।

ਮੈਂ ਉਨ੍ਹਾਂ ਦੇ ਪਿੱਛੇ ਲੱਗ ਗਿਆ। ਸਾਗਰ ਵਿਚ ਇਕ ਉਦਘਾਟਨ ਕਰਦਿਆਂ ਉਨ੍ਹਾਂ ਫਿਰ ਕਿਹਾ—"ਵਾਹ, ਸਾਗਰ! ਇਹ ਪੁੰਨ-ਭੂਮੀ ਹੈ। ਇਥੋਂ ਦੀ ਮਿੱਟੀ ਵਿਚ ਇਤਿਹਾਸ ਖਿੰਡਿਆ ਪਿਆ ਹੈ। ਇਥੋਂ ਦੀ ਧੂੜ ਚੰਦਨ ਹੈ। ਮੈਂ ਇਸ ਨੂੰ ਮੱਥੇ ਉਪਰ ਲਗਾਉਂਦਾ ਹਾਂ।" ਉਨ੍ਹਾਂ ਨੇ ਫਿਰ ਜੇਬ ਵਿਚੋਂ ਪੁੜੀ ਕੱਢੀ ਅਤੇ ਮੱਥੇ ਉਪਰ ਧੂੜ ਲਗਾ ਲਈ। ਸਾਗਰ ਵਾਸੀ ਵੀ ਮੁਗਧ ਹੋ ਕੇ ਉਨ੍ਹਾਂ ਨੂੰ ਸੁਣਦੇ ਰਹੇ।

ਫਿਰ ਉਹ ਬਰੇਲੀ ਪਹੁੰਚੇ। ਉਥੇ ਵੀ ਕਿਹਾ—"ਵਾਹ, ਬਰੇਲੀ! ਇਹ ਪੁੰਨ-ਭੂਮੀ ਹੈ। ਇਥੋਂ ਦੀ ਧਰਤੀ ਵਿਚ ਇਤਿਹਾਸ ਖਿੰਡਿਆ ਪਿਆ ਹੈ। ਇਥੋਂ ਦੀ ਧੂੜ ਚੰਦਨ ਹੈ। ਮੈਂ ਇਸ ਨੂੰ ਮੱਥੇ ਉਪਰ ਲਗਾਉਂਦਾ ਹਾਂ।" ਪੁੜੀ ਕੱਢ ਕੇ ਉਨ੍ਹਾਂ ਨੇ ਫਿਰ ਧੂੜ ਲਗਾ ਲਈ। ਉਹ ਘਰ ਤੋਂ ਧੂੜ ਦੀ ਪੁੜੀ ਜੇਬ ਵਿਚ ਪਾ ਕੇ ਤੁਰਦੇ ਹਨ।

ਇਹ ਗੁਰ ਵਧੀਆ ਹੈ। ਪਰ ਇਹ ਗੁਰੂ ਦੇ ਨਗਰ ਵਿਚ ਫੇਲ ਹੋ ਜਾਂਦਾ ਹੈ। ਸ਼ਿਵ ਕੁਮਾਰ ਦਸਦਾ ਹੈ ਕਿ ਮੈਂ ਓਸੇ ਗੁਰੂ ਦੇ ਸ਼ਹਿਰ ਗਿਆ ਹੋਇਆ ਸੀ। ਸਮਾਗਮ ਦੀ ਪ੍ਰਧਾਨਗੀ ਉਹ ਹੀ ਕਰ ਰਹੇ ਸਨ। ਮੈਂ ਭਾਵਕਤਾ ਨਾਲ ਕਿਹਾ—"ਵਾਹ, ਇਹ ਨਗਰੀ ਪੁੰਨ-ਭੂਮੀ ਹੈ। ਇਥੋਂ ਦੀ ਮਿੱਟੀ ਵਿਚ ਇਤਿਹਾਸ ਖਿੰਡਿਆ ਪਿਆ ਹੈ।" ਲੋਕ ਹੱਸਣ ਲੱਗ ਪਏ। ਮੈਂ ਪੁੜੀ ਕੱਢ ਮੱਥੇ ਉਪਰ ਧੂੜ ਲਗਾ ਹੀ ਨਾ ਸਕਿਆ।

ਤਰੀਕੇ ਕਈ ਹਨ। ਇਕ ਤਰੀਕਾ ਹਰ ਮੌਕੇ ਤੇ ਕੰਮ ਨਹੀਂ ਕਰਦਾ। ਤਰੀਕੇ ਮੈਨੂੰ ਵੀ ਬਹੁਤ ਆਉਂਦੇ ਹਨ। ਪਰ ਮੇਰੇ ਦੋਸਤ ਫਿਰ ਕਹਿੰਦੇ ਹਨ—'ਆਪਣੇ ਹੱਥ ਅਚਾਨਕ ਕਮਲ ਕਿਵੇਂ ਹੋ ਗਏ। ਆਖਰ ਇਹ ਹੋ ਕੀ ਗਿਆ?"

ਉਹ ਕੀ ਸੋਚ ਕੇ ਜਵਾਬ ਦਿੰਦੇ ਹਨ—"ਅਸੀਂ ਲੋਕ ਬੁੱਧੀਜੀਵੀ ਦਾ ਰੁਤਬਾ ਵਧ ਰਿਹਾ ਹੈ।"

ਹਾਂ, ਵਧ ਤਾਂ ਰਿਹਾ ਹੈ: ਇਸ ਦੇਸ਼ ਦੇ ਬੁੱਧੀਜੀਵੀ ਸਭ ਸ਼ੇਰ ਹਨ! ਪਰ ਉਹ ਗਿੱਦੜਾਂ ਦੀ ਬਾਰਾਤ ਵਿਚ ਬੈਂਡ ਵਜਾਉਂਦੇ ਹਨ!

o

---

## ਸੜਕਾਂ 'ਤੇ ਪਲਦੇ ਜਿਸਮਾਂ ਦੀ ਗੱਲ

o

**ਰਾਜਪਾਲ**

ਸੁਹਣੇ ਦਫਤਰ 'ਚ ਬੈਠਾ
ਰੇਸ਼ਮੀ ਪਰਦਿਆਂ 'ਚ ਘਿਰਿਆ
ਸੁਨਿਹਰੀ ਪੈਨ ਨਾਲ ਲਿਖਦਾ
ਕਵੀ ਫਿਕਰਮੰਦ ਹੈ ਇਨਕਲਾਬ ਬਾਰੇ
ਅਤੇ ਸੋਚਦਾ ਹੈ ਸੜਕਾਂ 'ਤੇ ਪਲਦੇ ਜਿਸਮਾਂ ਦੀ ਗੱਲ-
ਪਰ ਕੌਣ ਸਮਝਾਏ ਉਸ ਅਧੁਨਿਕ ਕਵੀ ਨੂੰ
ਕਿ ਇਨਕਲਾਬ ਗੁਲਾਬ ਦਾ ਫੁੱਲ
ਜੋ ਕੋਈ ਮਹਿਬੂਬ ਤੁਹਾਡੇ ਕੋਟ ਦੇ ਕਾਲਰ 'ਤੇ ਟੰਗ ਦੇਵੇਗੀ
ਇਨਕਲਾਬ ਸੜਕਾਂ 'ਤੇ ਫਿਰਦਾ ਲਾਵਾਰਸ ਬੱਚਾ ਨਹੀਂ
ਜੋ ਅਵਾਰਾ-ਗਰਦੀ ਕਰਦਾ ਤੁਹਾਨੂੰ ਮਿਲ ਪਵੇਗਾ
ਇਨਕਲਾਬ ਰੇਸ਼ਮੀ ਪਰਦਿਆਂ 'ਚ ਨਹੀਂ ਸੌਂਦਾ-
ਸ਼ੀਸ਼ ਮਹਿਲਾਂ 'ਚੋਂ ਨਹੀਂ ਤੁਰਦਾ
ਬਲਕਿ ਇਨਕਲਾਬ ਤਾਂ
ਝੁੱਗੀਆਂ 'ਚ ਪਲਦਾ ਤੇ ਜਵਾਨ ਹੁੰਦਾ ਹੈ
ਸੰਘਰਸ਼ਾਂ ਦੀ ਕਹਾਣੀ ਪਾਉਂਦਾ ਹੈ
ਊਧਮ; ਸਰਾਭੇ ਦੇ ਚੰਦਰ ਨੂੰ ਯਾਦ ਕਰਦਾ ਹੈ
ਭਗਤ ਸਿੰਘ ਦੇ ਦੱਸੇ ਰਾਹ ਦੀ ਗੱਲ ਕਰਦਾ ਹੈ
ਉਹ ਰਾਹ ਜਿਸ ਰਾਹ 'ਚ ਚੱਲਣ ਪਿਛੋਂ
ਬੰਤੇ ਚੌਂਕੀਦਾਰ ਨੂੰ ਸਵਾਗਤੀ ਝੰਡਿਆਂ ਦੀ
ਰਾਖੀ ਨਹੀਂ ਕਰਨੀ ਪਵੇਗੀ
ਤੇ ਰੇਸ਼ਮੀ ਪਰਦਿਆਂ 'ਚ ਬੈਠੇ ਕਵੀ ਨੂੰ
ਨਹੀਂ ਸੋਚਣੀ ਪਵੇਗੀ
ਸੜਕਾਂ ਤੇ ਪਲਦੇ ਜਿਸਮਾਂ ਦੀ ਗੱਲ।

o

# ਬਨਾਮ ਫ਼ੌਜੀ

ਲੋਕ-ਦੁਸ਼ਮਣ ਨਿਜ਼ਾਮਾਂ ਨੂੰ ਕਾਇਮ ਰੱਖਣ ਵਾਸਤੇ ਹਾਕਮਾਂ ਕੋਲ ਫ਼ੌਜ ਹੀ ਇਕ ਵੱਡਾ ਆਸਰਾ ਹੈ, ਜਿਸ ਰਾਹੀਂ ਉਹ ਲੋਕ ਸੰਘਰਸ਼ਾਂ ਨੂੰ ਦਬਾਉਂਦੇ ਹਨ ਤੇ ਲੋਕਾਂ ਵਿਚ ਦਹਿਸ਼ਤ ਪਾਂਦੇ ਹਨ। ਪਰ ਫ਼ੌਜੀ ਵੀਰ ਵੀ ਕਿਉਂਕਿ ਲੋਕਾਂ ਵਿਚੋਂ ਜਾਂਦੇ ਹਨ, ਇਸ ਲਈ ਇਕ ਪੜਾਅ ਆਉਂਦਾ ਹੈ, ਜਦੋਂ ਉਹ ਦੁਸ਼ਮਣ ਨੂੰ ਪਛਾਣਦੇ ਹੋਏ, ਲੋਕਾਂ ਦੇ ਹੱਕ ਵਿਚ ਖਲੋਂਦੇ ਹਨ। ਬ੍ਰਿਟਿਸ ਸਾਮਰਾਜ ਨੇ ਉਸ ਵੇਲੇ ਆਪਣਾ ਅੰਤ ਵੇਖ ਲਿਆ ਜਦੋਂ ਹਿੰਦੀ ਫ਼ੌਜੀਆਂ ਨੂੰ ਦੁਸ਼ਮਣ ਦੀ ਪਛਾਣ ਹੋ ਗਈ। ਜਹਾਜ਼ੀਆਂ ਦੀ ਬਗ਼ਾਵਤ ਇਸ ਦਾ ਇਕ ਚਿੰਨ ਸੀ। ਸਾਡਾ ਹੁਣ ਦਾ ਲੋਕ ਦੁਸ਼ਮਣ ਨਿਜ਼ਾਮ ਵੀ ਫੌਜ ਉੱਤੇ ਮੁੱਖ ਟੇਕ ਰੱਖਦਾ ਹੈ, ਆਸਾਮ, ਨਾਗਾਲੈਂਡ, ਮੀਜ਼ੋਰਮ ਆਦਿਕ ਸੱਪਸ਼ਟ ਮਿਸਾਲਾਂ ਹਨ, ਜਿਹੜੀਆਂ ਇਸ ਭਰਮ ਨੂੰ ਤੋੜਦੀਆਂ ਹਨ ਕਿ ਇਹ ਦੇਸ਼ ਜਮਹੂਰੀਅਤ ਦੇ ਅਸੂਲਾਂ ਤੇ ਚੱਲਦਾ ਹੈ, ਫ਼ੌਜ ਦੀ ਅੰਨ੍ਹੀ ਦਹਿਸ਼ਤ ਇਹਨਾਂ ਥਾਵਾਂ ਤੇ ਪ੍ਰਤੱਖ ਹੈ। ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਸਮੇਂ ਦੀ ਆਵਾਜ਼ ਸਾਡੇ ਫ਼ੌਜੀ ਵੀਰ ਵੀ ਸੁਣ ਰਹੇ ਹਨ। ਉਹਨਾਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਵਿਤਕਰੇ ਭਰੇ ਸਮਾਜ ਦੇ ਉਹ ਵੀ ਉਸੇ ਤਰ੍ਹਾਂ ਸ਼ਿਕਾਰ ਹਨ, ਜਿਸ ਤਰ੍ਹਾਂ ਜਨ ਸਾਧਾਰਨ। ਉਹ ਆਪਣੀ ਆਵਾਜ਼ ਦੱਬੇ ਸ਼ਬਦਾਂ ਵਿਚ ਉੱਚੀ ਕਰ ਰਹੇ ਹਨ। ਆਪਣੇ ਪਾਠਕਾਂ ਦੀ ਦਿਲਚੱਸਪੀ ਲਈ ਇਸ ਕਾਲਮ 'ਚ ਅਸੀਂ ਇਕ ਕਵਿਤਾ, ਇਕ ਟਿਪਣੀ ਤੇ ਇਕ ਖੱਤ ਦੇ ਰਹੇ ਹਾਂ ਇਹਨਾਂ ਵਿਚਾਰ ਦੀ ਚਰਚਾ ਸਾਡੀ ਜਮਹੂਰੀ ਲਹਿਰ ਲਈ ਸਹਾਇਕ ਹੋ ਸਕਦੀ ਹੈ। —ਸੰਪਾਦਕ

### ਫ਼ੌਜੀ ਜਵਾਨਾਂ ਦੇ ਮਸਲੇ

## ਫ਼ੌਜ ਬਨਾਮ ਉਮਰ ਕੈਦ

ਦੋਸਤੋ ! ਇੱਕ ਨੰਨਾ ਬੱਚਾ ਰੋ ਕੇ ਆਪਣੀ ਲੋੜ ਨੂੰ ਪੂਰਾ ਕਰਵਾ ਲੈਂਦਾ ਹੈ, ਤੇ ਆਮ-ਸ਼ਹਿਰੀ ਸੰਘਰਸ਼ ਰਾਹੀਂ ਆਪਣੀਆਂ ਯੋਗ ਮੰਗਾਂ ਮੰਨਵਾ ਸਕਦਾ ਹੈ। ਮੈਂ ਨਾ ਤਾਂ ਬੱਚਾ ਹਾਂ ਤੇ ਨਾ ਹੀ ਆਮ ਸ਼ਹਿਰੀ। ਮੈਂ ਫ਼ੌਜੀ ਜਵਾਨ ਹਾਂ, ਸਟਾਰਚ ਲੱਗੀ ਵਰਦੀ ਵਿੱਚ ਸਜਿਆ ਹੋਇਆ ਤੁੱਕਲ ਵਾਂਗ ਸਿੱਧਾ। ਮੈਨੂੰ ਵੀ ਤੁਹਾਡੇ ਸਭਨਾਂ ਵਾਂਗ ਬਹੁਤ ਸਾਰੀਆਂ ਦੁੱਖ-ਤਕਲੀਫ਼ਾਂ ਹਨ, ਮੇਰੇ ਵੀ ਕਈ ਮਸਲੇ ਹਨ, ਕਈ ਮੰਗਾਂ ਹਨ। (ਖਾਸ ਕਰ ਤਨਖਾਹਾਂ 'ਚ ਸੁਧਾਰ ਬਾਰੇ।) ਮੈਨੂੰ ਵੀ ਤੁਹਾਡੀ ਤਰ੍ਹਾਂ ਆਪਣੀ ਖੁਦਗਰਜ਼, ਭ੍ਰਿਸ਼ਟ ਤੇ ਅਯਾਸ਼ ਅਫ਼ਸਰਸ਼ਾਹੀ ਦੇਸ਼ ਦੀ ਥੋਥੀ ਤੇ ਨਿਕੰਮੀ ਹਕੂਮਤ ਅਤੇ ਆਪਣੀ ਬੋਝਲ ਤੇ ਨਰਕ ਭਰੀ ਜ਼ਿੰਦਗੀ ਬਾਰੇ ਬਹੁਤ ਸਾਰੀਆਂ ਸ਼ਿਕਾਇਤਾਂ ਹਨ। ਨਾ ਮੈਂ ਰੋ ਸਕਦਾ ਹਾਂ, ਨਾ ਹੀ ਚੀਖ ਸਕਦਾ ਹਾਂ। ਫ਼ੌਜੀ ਜਵਾਨ ਹੋਣਾ ਮੇਰੀ ਸਭ ਤੋਂ ਵੱਡੀ ਕਮਜ਼ੋਰੀ ਹੈ। ਪਰ ਫਿਰ ਵੀ ਮੈਂ ਜੀਊ ਰਿਹਾ ਹਾਂ। ਤੁਸੀਂ ਹੈਰਾਨ ਹੋਵੋਗੇ ਕਿ ਮੈਂ ਆਪਣੇ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਤੇ ਬੇਇਨਸਾਫੀਆਂ ਦੇ ਖਿਲਾਫ ਲੜ ਕਿਉਂ ਨਹੀਂ ਸਕਦਾ, ਹੱਥ ਵਿੱਚ ਭਰੀ ਬੰਦੂਕ ਫੜੀ ਹੋਈ ਹੋਣ ਦੇ ਬਾਵਜੂਦ ਵੀ। ਬੱਸ ਏਥੋਂ ਹੀ ਮੇਰੇ ਮਨ ਦੀ ਪੀੜ ਸ਼ੁਰੂ ਹੁੰਦੀ ਹੈ, ਜੋ ਮੈਨੂੰ ਵਿੱਚੋ-ਵਿੱਚ ਖਾ ਰਹੀ ਹੈ। (ਤੇ ਇੱਕ ਦਿਨ ਅਜਿਹਾ ਵੀ ਆਵੇਗਾ ਕਿ ਸਾਹਮਣਿਓ ਪੈਂਦੀ ਵੈਰੀ ਦੀ ਸਾੜ ਨੂੰ ਮੈਂ ਰੋਕ ਨਹੀਂ ਸਕਾਂਗਾ।) ਮੈਂ ਤੁਹਾਡੇ ਨਾਲ ਕੁੱਝ ਗੱਲਾਂ ਕਰਕੇ ਮਨ ਦਾ ਬੋਝ ਹਲਕਾ ਕਰਨਾ ਚਾਹੁੰਦਾ ਹਾਂ। ਤੁਸੀਂ ਮੈਨੂੰ ਆਪਣੇ ਨਾਲੋਂ ਅੱਡ ਕਿਉਂ ਸਮਝਦੇ ਹੋ।' ਮੈਂ ਤੁਹਾਡੇ ਵੱਲ ਆਸ ਭਰੀਆਂ ਨਜਰਾਂ ਨਾਲ ਵੇਖ ਰਿਹਾ ਹਾਂ ਕਿ ਤੁਸੀਂ ਮੇਰੇ ਹੱਕ ਵਿੱਚ ਜ਼ਰੂਰ ਆਵਾਜ਼ ਉਠਾਓਗੇ।

ਦਿੱਲੀ ਵਿਖੇ 26 ਜਨਵਰੀ ਦੀ ਪਰੇਡ ਭੁਗਤਾਉਣ ਤੋਂ ਬਾਦ ਕੁਝ ਦਿਨਾਂ ਲਈ ਮੈਂ ਘਰ ਗਿਆ ਹਾਂ। ਸੁਣਿਆ ਹੈ, ਤਾਏ ਦਾ ਵੱਡਾ ਮੁੰਡਾ ਸੁਖਵੀਰ, ਜੋ ਫ਼ੌਜ ਵਿੱਚ ਕੈਪਟਨ ਹੈ, ਉਹ ਵੀ ਛੁੱਟੀ ਉੱਤੇ ਆਇਆ ਹੋਇਆ ਹੈ। ਤਾਈ ਦਾ ਮੇਰੇ ਨਾਲ ਖਾਸਾ ਮੋਹ ਹੈ। ਉਹ ਸੁਣਦਿਆਂ ਹੀ ਉਚੇਚੇ ਤੌਰ ਉੱਤੇ ਮੈਨੂੰ ਮਿਲਣ ਆਈ ਹੈ। ਉਸ ਦੀਆਂ ਨਜ਼ਰਾਂ 'ਚੋਂ ਮਮਤਾ ਡੁੱਲ੍ਹ ਡੁੱਲ੍ਹ ਪੈ ਰਹੀ ਹੈ। ਬਹੁਤ ਖੁਸ਼ ਨਜ਼ਰ ਆ ਰਹੀ ਹੈ ਤਾਈ ! ਆਖਦੀ ਹੈ; 'ਵੇ ਮੱਖਣਾ ! ਐਮੀਂ ਆਂਦੇ ਨੇ ਕਿ ਇੰਦਰਾ ਗਾਂਧੀ ਫ਼ੌਜ ਵੱਲ ਕੋਈ ਗੌਰ ਨਹੀਂ ਕਰਦੀ। ਸੁੱਖਵੀਰ ਆਂਦਾ ਹੁਣ ਤਾਂ ਤੁਹਾਨੂੰ ਕਾਫੀ ਸਹੂਲਤਾਂ ਮਿਲ ਗਈਆਂ ਹਨ।' ਮੇਰਾ ਇੱਕ-ਦਮ ਪਾਰਾ ਚੜ੍ਹ ਜਾਂਦਾ ਹੈ। ਮੈਂ ਗੁੱਸੇ ਉੱਤੇ ਕਾਬੂ ਪਾਉਂਦਾ ਹੋਇਆ ਸਿਰਫ ਏਨਾ ਹੀ ਆਖਦਾ ਹਾਂ, "ਤਾਈਂ ! ਬੱਸ ਚੁੱਪ ਹੀ ਰਹੁ। ਫ਼ੌਜ ਵਿੱਚ ਸਾਰੇ ਇਕੋ ਜਿਹੇ ਨਹੀਂ। ਮੇਰੇ ਤੇ ਸੁੱਖਵੀਰ ਵਿੱਚ ਕੋਹਾਂ ਦਾ ਫਰਕ ਹੈ।" ਤਾਈ ਦਾ ਮੂੰਹ ਇੰਜ ਹੋ ਜਾਂਦਾ ਹੈ, ਜਿਵੇਂ ਕਿਸੇ ਗੱਭਰੂ ਦੇ ਮਰਨ ਦਾ ਅਸੋਸ ਕਰ ਰਹੀ ਹੋਵੇ।

ਉੱਚੀ ਉੱਚੀ ਨਾਅਰੇ ਲੱਗ ਰਹੇ ਹਨ :—

'ਬੇਇਨਸਾਫੀ ਦੀਆਂ, ਜੜ੍ਹਾਂ ਪੁੱਟੋ।
ਅਫਸਰਸ਼ਾਹੀ ਮੁਰਦਾਬਾਦ।

ਅੰਨ੍ਹੀ ਬੋਲੀ ਇਹ ਸਰਕਾਰ, ਮੁਰਦਾਬਾਦ।
ਲੈ ਕੇ ਰਹਾਂਗੇ ਆਪਣੇ ਹੱਕ, ਏਕੇ ਨਾਲ।
ਲੋਕ-ਏਕਤਾ, ਜ਼ਿੰਦਾਬਾਦ।

ਆਵਾਜਾਈ ਬਿਲਕੁਲ ਬੰਦ ਹੈ। ਗੱਡੀਆਂ, ਮੋਟਰਾਂ, ਕਾਰਾਂ, ਬੱਸਾਂ, ਟਰੱਕਾਂ ਤੇ ਸਾਈਕਲ ਹੀ ਸਾਈਕਲ, ਲੰਮੀਆਂ ਕਤਾਰਾਂ ਲੱਗ ਗਈਆਂ ਹਨ। ਅਗਾਂਹ ਤੁਰਦੇ ਹਾਂ। ਦੇਖਦੇ ਹਾਂ ਔਰਤਾਂ ਹੀ ਔਰਤਾਂ। ਔਰਤਾਂ ਨਹੀਂ, ਰੋਹ ਨਾਲ ਮਚਦੇ ਚਿਹਰਿਆਂ ਵਾਲੀਆਂ ਕੁੜੀਆਂ ਨੇ ਅਸਮਾਨ ਸਿਰ ਉੱਤੇ ਚੁੱਕਿਆਂ ਹੋਇਆ ਹੈ। ਉਨ੍ਹਾਂ ਦੇ ਮਲੂਕ ਹੱਥ, ਨਿੱਘੀ ਧੁੱਪ ਵਿੱਚ ਨੇਜ਼ਿਆਂ ਤਲਵਾਰਾਂ ਦੀ ਤਰ੍ਹਾਂ ਲਿਸ਼ਕ ਰਹੇ ਹਨ। ਅਸੀਂ ਵਰਦੀ ਪਹਿਨੀ ਦੋ ਫ਼ੌਜੀ ਭਰਾ ਆਪਸ ਵਿੱਚ ਅੱਖਾਂ ਨਹੀਂ ਮਿਲਾ ਪਾ ਰਹੇ ਹਾਂ। ਨਰਸਾਂ ਦੇ ਇਸ ਤੂਫ਼ਾਨੀ ਜਲੂਸ ਨੂੰ ਦੇਖ ਕੇ ਮੇਰਾ ਜਿਸਮ ਜਿਵੇਂ ਮੁੱਠ 'ਚੋਂ ਰੇਤ ਵਾਂਗ ਕਿਰ ਗਿਆ ਹੋਵੇ। ਭੌਰ-ਭੌਰ ਹੋਏ ਮਿੱਤਰ ਨੂੰ ਪੁੱਛਦਾ ਹਾਂ, 'ਕਹਿਣ ਨੂੰ ਤਾਂ ਬਈ ਅਸੀਂ ਵੀ ਸਰਕਾਰੀ ਮੁਲਾਜ਼ਮ ਹਾਂ, ਦੇਸ਼ ਦੇ ਬਹਾਦਰ ਰਾਖੇ। ਲਾਹਨਤ ਹੈ ਸਾਡੀ ਮਰਦਾਨਗੀ ਉੱਤੇ।' ਸਾਥੀ ਦਾ ਡਰ ਜਾਗਦਾ ਹੈ: "ਚੱਲ ਯਾਰ! ਸਾਬ੍ਹ ਕਹਿਣਗੇ ਐਨੀ ਦੇਰ ਕਿਉਂ ਕੀਤੀ? ਨਾਲੇ ਜੇ ਕਿਸੇ ਦੇਖ ਲਿਆ ਤਾਂ ਰਪੋਟ ਹੋ ਜਾਊ ਕਿ ਅਸੀਂ ਜਲੂਸ ਨੂੰ ਬੜੀ ਦਿਲਚਸਪੀ ਨਾਲ ਦੇਖ ਰਹੇ ਸਾਂ।'

---

## ਸਮੇਂ ਦਾ ਖੁੱਲਾ ਖੱਤ—ਫੌਜੀ ਦੇ ਨਾਂ!

ਕੱਲ ਜਦੋਂ ਤੂੰ ਭਰਤੀ ਹੋਣ ਜਾਣਾਂ ਸੀ,
ਤਾਂ ਤੈਨੂੰ ਜਨਣ ਵਾਲੀ ਕੁੱਖ ਨੇ,
ਬੁੱਢੇ ਬੋਹੜ ਵਾਲੇ ਪੀਰ ਦੇ,
ਦੇਗ ਸੁੱਖੀ ਸੀ!
ਤੇ ਜਦੋਂ ਭਰਤੀ ਅਫਸਰ ਨੇ,
ਤੈਨੂੰ ਆਖਿਆ ਸੀ—
"ਸ਼ਾਬਾਸ਼ ਜਵਾਨ! ਦੇਸ਼ ਸੇਵਾ ਕੇ ਕਾਬਿਲ ਹੈ!"
ਤਾਂ ਤੂੰ ਮਾਣ ਨਾਲ,
ਪੈਰਾਂ ਦੀਆਂ ਅੱਡੀਆਂ ਉਤਾਂਹ ਚੁੱਕ,
ਅੰਗੜਾਈ ਲਈ ਸੀ,
ਮਨ ਹੀ ਮਨ ਖੁਸ਼ ਹੁੰਦਿਆਂ
ਕਿ ਹੁਣ,
ਬੁੱਢੀ ਮਾਂ ਨੂੰ,
ਆਨਾਂ ਕਿਲੋ ਕਤਾਈ ਤੇ,
ਉੱਨ ਨਹੀਂ ਕੱਤਣੀ ਪਵੇਗੀ!
ਕਿ ਹੁਣ ਕੰਬਦੇ ਹੱਥਾਂ ਨਾਲ,
ਰੰਬਾ ਫੜੀ ਬਾਪੂ ਨੂੰ
ਲੰਬੜਾਂ ਦੀ ਗੋਡੀ ਨਹੀਂ ਕਰਨੀ ਪਵੇਗੀ!
ਕਿ ਹੁਣ ਜਵਾਨ ਹੁੰਦੀਆਂ ਭੈਣਾਂ ਦੇ,
ਪਵਿੱਤਰ ਹੱਥਾਂ ਲਈ
ਮਹਿੰਦੀ ਖ੍ਰੀਦ ਸਕਾਂਗਾ!!

ਕਿ ਨੰਨੇ ਵੀਰ ਨੂੰ,
ਗਵਾਂਢੀ ਜਿੰਦਰ' ਕੇ ਬੰਟੀ ਵਾਂਗ,
ਨੇੜੇ ਦੇ ਸ਼ਹਿਰ,
ਅੰਗਰੇਜ਼ੀ ਸਕੂਲੇ ਪੜ੍ਹਾਵਾਂਗਾ!

ਕਿ ਹੁਣ... ..!!

ਪਰ ਵਰ੍ਹੇ ਭਰ ਦੀ ਹੱਡ ਭੰਨਵੀਂ,
ਰੰਗਰੂਟੀ ਤੋਂ ਪਿੱਛੋਂ,
ਤੇਰੇ ਪਿਆਰੇ ਪਿਆਰੇ,
ਖਿਆਲਾਂ ਦੇ ਉਲਟ,
ਚੌਵੀ ਘੰਟੇ ਸਾਬ ਦੇ ਹੁਕਮ ਤੇ
ਫੁੱਲ ਚੜ੍ਹਾਉਣ!
ਸਾਬ ਦੇ ਬੰਗਲੇ ਦੀ ਸਫਾਈ ਤੋਂ ਲੈ ਕੇ
ਰੋਟੀ ਪਕਾਉਣ!
ਬਹਿੰਦਿਆਂ ਉੱਠਦਿਆਂ ਸਾਬ ਦੇ
ਗੁਣ ਗਾਉਣ!
ਪਰ ਭੋਰਾ ਮਾਸਾ ਵੀ
ਹੁਕਮ ਅਦੂਲੀ ਦਾ ਅਰਥ
ਤੂੰ ਆਪਣੇ ਫੌਜੀ ਸਾਥੀ,
ਨੈਬ ਅਮਰ ਸਿੰਘ ਦੇ
ਕੋਰਟ ਮਾਰਸ਼ਲ ਹੋ ਜਾਣ ਤੋਂ
ਜਾਣ ਹੀ ਗਿਆ ਸੈਂ!!

ਉਦੋਂ—
'ਦੇਸ਼ ਭਗਤੀ' ਸ਼ਬਦ ਦੇ ਅਰਥ
ਤੇਰੇ ਦਿਮਾਗ ਵਿਚ
ਭੰਬੀਰੀ ਦੀ ਤਰ੍ਹਾਂ ਘੁੰਮ ਗਏ ਸੀ!

ਤੇ ਤੂੰ ਜਾਣ ਗਿਆਂ ਸੈਂ
ਕਿ ਰਾਤ ਦਿਨ ਸਾਬ ਦੀ ਜੀ ਹਜ਼ੂਰੀ ਬਦਲੇ!
ਮਿਲਦੀ ਤਨਖਾਹ ਵਿਚੋਂ
ਬਚਦੇ ਚਾਰ ਪੈਸਿਆਂ ਨਾਲ
ਦੋ ਭੈਣਾਂ ਲਈ ਸੋਨੇ ਦੇ ਕੰਗਣ ਤਾਂ ਕੀ
ਦੋ ਸੂਹੇ ਸੂਟ ਵੀ ਆਉਣੇ
ਮੁਸ਼ਕਲ ਹੀ ਨੇ!!
ਤੇ ਇਕ ਦਿਨ ਜਦੋਂ ਤੂੰ
ਸਾਬ ਦੀ ਬੇਟੀ 'ਰੀਟਾ' ਨੂੰ
ਉਸਦੇ ਪਾਲਤੂ 'ਪਿੰਕੂ' (ਕੁੱਤਾ) ਨਾਲ
ਫੀਏਟ ਕਾਰ ਵਿਚ
ਸਿਨੇਮਾਂ ਜਾਂਦਿਆਂ ਤੱਕਿਆ ਸੀ!!

ਤਾਂ—
ਤੈਨੂੰ ਯਾਦ ਆ ਗਈ ਸੀ,
ਜੇਠ ਹਾੜ ਦੀ ਕੜਕਦੀ ਧੁੱਪੇ
ਨੰਗੇ ਪੈਰੀਂ !
ਸਿਰ ਤੇ ਪਾਟੀ ਚੁੰਨੀ ਲਈ !
ਨੰਨੇ ਵੀਰ ਨਾਲ
ਕਣਕ ਦੇ ਵੱਢ ਵਿਚ
ਸਿੱਟੇ ਚੁਗਦੀ ਭੈਣ 'ਜੀਤੀ' ।
ਤੇ ਮੇਰਾ ਖੂਨ ਖੌਲ ਗਿਆ ਸੀ
ਤੂੰ ਸੋਚਣ ਲੱਗ ਪਿਆ ਸੈਂ
ਸ਼ਾਹੀ ਮਹੱਲਾਂ ਤੇ
ਆਪਣੇ ਪਿੰਡ ਦੇ
ਕੱਚੇ ਕੋਠੇ ਵਿਚਲੇ ਫਰਕ ਦੇ ਕਾਰਨ ਬਾਰੇ ??
ਤੇ ਇਕ ਦਿਨ ਜਦ
ਸਾਬ ਦੇ ਬੂਟ ਪਾਲਿਸ਼ ਕਰਨ ਤੋਂ
ਨਾਂਹ ਕਰਨ ਕਰਕੇ
ਤੈਨੂੰ ਡਰ ਸੀ
ਕੋਰਟ ਮਾਰਸ਼ਲ ਹੋ ਜਾਣ ਦਾ
ਤਾਂ ਤੂੰ ਆਪਣੀ ਸਟੇਨਗੰਨ ਲੈ
ਦੌੜ ਗਿਆ ਸੈਂ
ਹੱਕਾਂ ਖਾਤਰ ਜਿਊਣ ਲਈ
ਸਾਬ ਤੋਂ ਬੂਟ ਪਾਲਿਸ਼ ਕਰਾਉਣ ਦਾ
ਹੱਕ ਖੋਹਣ ਲਈ ।
ਤੇ ਉਦੋਂ
ਬਚਪਨ ਵਿਚ
ਬਾਬੇ 'ਬੁੱਧੂ' ਤੋਂ ਸੁਣੀ
ਜਿਊਣੇ ਮੌੜ ਤੇ ਸੁੱਚੇ ਸੂਰਮੇ ਦੀ
ਬਾਗੀ ਕਹਾਣੀ
ਤੈਨੂੰ ਅੱਖਰ ਅੱਖਰ
ਸੱਚ ਜਾਪਣ ਲੱਗ ਪਈ ਸੀ ।
ਤੇ ਪਿੰਡ ਦੀ ਜੂਹੋਂ ਬਾਹਰ ਹੀ
ਜਦੋਂ ਤੂੰ ਸੁਣ ਲਈ ਸੀ
ਲੰਬੜਾਂ ਦੇ ਜਿੰਦਰ ਵੱਲੋਂ
ਭੈਣ ਜੀਤੀ ਨਾਲ
ਮੂੰਹ ਕਾਲਾ ਕਰਨ ਦੀ ਵਾਰਦਾਤ
ਤੇ ਰਾਤ ਦੇ ਹਨੇਰੇ ਵਿਚ
ਜਦੋਂ ਤੂੰ ਲੰਬੜਾਂ ਦੇ ਬੂਹੇ ਅੱਗੇ
ਸ਼ੇਰ ਦੀ ਤਰ੍ਹਾਂ ਦਹਾੜਦਿਆਂ
ਸਟੇਨਗੰਨ ਚੋਂ ਤਾੜ ਤਾੜ
ਫਾਇਰ ਕੀਤੇ ਸੀ
ਤਾਂ ਮੈਂ ਤੈਨੂੰ ਦੱਸਦਿਆਂ
ਕਿ ਉਦੋਂ ਹੀ
ਪਹੁਫੁਟਾਲਾ ਹੋਣ ਵਾਲਾ ਸੀ !!!

**ਸਰਬਜੀਤ ਸਿੰਘ ਤਲਾਵਾਂ**

ਪਿਛਲੇ ਮਹੀਨੇ 26 ਜਨਵਰੀ ਨੂੰ ਗਣਤੰਤਰ (ਗੁਰਮੰਤਰ ?) ਦਿਵਸ ਦੇ ਦਿਨ ਅਖ਼ਬਾਰਾਂ 'ਚ ਮੋਟੇ ਮੋਟੇ ਅੱਖਰਾਂ ਵਾਲੀ ਪਹਿਲੀ ਸੁਰਖੀ ਸੀ "ਫੌਜੀਆਂ ਵਾਸਤੇ ਨਵੀਆਂ ਰਿਆਇਤਾਂ।" ਸਿਰਲੇਖ ਇੰਝ ਹੋਣਾ ਚਾਹੀਦਾ ਸੀ : **ਫ਼ੌਜੀ ਅਫ਼ਸਰਾਂ ਲਈ ਨਵੇਂ ਮੁਨਾਫੇ।'** ਉਹ ਫ਼ੌਜੀ ਜਵਾਨ ਤੇ ਮਿਡਲ ਰੈਂਕਰਜ, ਜਿੰਨ੍ਹਾਂ ਨੇ ਬਲੀ ਚੜ੍ਹਨ ਵਾਲੇ ਬੱਕਰੇ ਵਾਂਗ, (ਜੰਗ ਦੇ ਮੈਦਾਨ ਵਿੱਚ ਅਕਸਰ ਇਹੀ ਬੰਦੇ ਮੋਹਰੇ ਹੋ ਕੇ ਲੜਦੇ ਹਨ) ਸੱਜ-ਧੱਜ ਕੇ 26 ਜਨਵਰੀ ਨੂੰ ਰਾਜ-ਪੱਥ ਉੱਤੇ ਲੈਫਟ-ਰਾਈਟ ਕਰਨਾ ਸੀ, ਉਨ੍ਹਾਂ ਵਿੱਚ ਇੱਕ ਮੈਂ ਵੀ ਸਾਂ। ਜੇਕਰ ਅਖ਼ਬਾਰ ਸਵੱਖਤੇ ਹੀ ਹੱਥ ਲੱਗ ਜਾਂਦਾ ਤਾਂ ਪਰੇਡ ਕਰਨ ਤੋਂ ਬਾਦ ਨਸੀਬ ਹੋਇਆ ਤੇ ਪੜ੍ਹਦਿਆਂ ਹੀ ਨਾੜਾਂ ਖੁਸ਼ਕ ਹੋ ਗਈਆਂ।

ਫ਼ੌਜ ਦੇ ਕਾਨੂੰਨ ਤਹਿਤ, ਕਿਸੇ ਵੀ ਫ਼ੌਜੀ ਅਫ਼ਸਰ ਜਾਂ ਜਵਾਨ ਦਾ ਪ੍ਰੈੱਸ ਨਾਲ ਸੰਪਰਕ ਗ਼ੈਰ-ਕਾਨੂੰਨੀ ਸਮਝਿਆ ਜਾਂਦਾ ਹੈ। ਇਸ ਦੇ ਬਾਵਜੂਦ ਫ਼ੌਜੀ (ਖਾਸ ਕਰ ਏਅਰ-ਫੋਰਸ) ਅਫ਼ਸਰਾਂ ਦੇ ਮਸਲਿਆਂ ਨੂੰ ਲੈ ਕੇ ਬੜੀ ਸ਼ਿੱਦਤ ਨਾਲ ਅਖ਼ਬਾਰਾਂ ਵਿੱਚ ਖ਼ਬਰਾਂ ਛਪਦੀਆਂ ਰਹੀਆਂ ਹਨ। ਸਾਲ ਦੋ'ਹ ਕੁ ਤੋਂ ਇਹ ਗੱਲ ਕਾਫੀ ਵਾਦ ਵਿਵਾਦ ਦਾ ਵਿਸ਼ਾ ਬਣੀ ਰਹੀ ਹੈ ਕਿ ਫ਼ੌਜ ਵਿੱਚ, ਖਾਸ ਕਰ ਟੈਕਨੀਕਲ ਲਾਈਨ ਵਿੱਚ, ਲਾਇਕ ਅਫ਼ਸਰਾਂ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਕਾਰਨ ਦੱਸੇ ਗਏ ਹਨ : ਫ਼ੌਜ ਦੀ ਸਖ਼ਤ ਨੌਕਰੀ, ਥੋੜੀਆਂ ਤਨਖਾਹਾਂ, ਘੱਟ ਸਹੂਲਤਾਂ ਤੇ ਤਰੱਕੀ ਦੀ ਸੀਵੀਂ ਚਾਲ। ਦਿਲਚਸਪ ਗੱਲ ਇਹ ਹੈ ਕਿ ਇਹ ਨੁਕਤਾ ਗ਼ੈਰ-ਫ਼ੌਜੀਆਂ ਵਲੋਂ ਨਹੀਂ, ਬਲਕਿ ਫ਼ੌਜ ਦੇ ਉੱਚੇ ਅਫ਼ਸਰਾਂ ਵਲੋਂ ਬੜੀ ਵੱਡੀ ਪੱਧਰ ਉੱਤੇ, ਗਰਮਜੋਸ਼ੀ ਨਾਲ ਉਠਾਇਆ ਗਿਆ। ਸਿੱਟਾ ਇਹ ਨਿਕਲਿਆ ਕਿ ਸਾਡੀ ਫ਼ੌਜ ਦੇ ਖ਼ੁਦਗਰਜ਼ ਅਫ਼ਸਰਾਂ ਨੇ ਉੱਚ-ਪੱਧਰੀ ਗੱਠ-ਜੋੜ ਰਾਹੀਂ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਖ਼ਾਨਦਾਨੀ ਮਹਾਰਾਣੀ ਇੰਦਰਾ ਆਈ ਨੇ ਦਰਿਆ—ਦਿੱਲੀ ਵਿਖਾਈ, ਤੇ ਬਿਨਾਂ ਕਿਸੇ ਗਹਿਰੀ ਸੋਚ ਵਿਚਾਰ ਦੇ ਕੌਮੀ ਹਿੱਤਾਂ (ਖ਼ਾਨਦਾਨੀ ??) ਨੂੰ ਧਿਆਨ 'ਚ ਰੱਖਦਿਆਂ, ਅਫ਼ਸਰ-ਸ਼ਾਹੀ ਨੂੰ ਨਵੀਆਂ ਸਹੂਲਤਾਂ ਤੇ ਮੁਨਾਫ਼ਿਆਂ ਲਈ ਓ. ਕੇ. ਦੇ ਦਿੱਤੀ।

ਬਹੁਤਾ ਡੂੰਘਾ ਕੀ ਜਾਣਾ ! ਤੁਸੀਂ ਨੌਕਰੀ ਦੌਰਾਨ ਔਖੇ-ਸੌਖੇ ਹੋ ਕੇ ਭਾਵੇਂ ਡਬਲ ਐਮ. ਏ. ਕਰ ਲਵੋ, ਸਰਵਿਸ ਵਿੱਚ ਟਕੇ ਦਾ ਫਾਇਦਾ ਨਹੀਂ, ਪਰ ਅਫ਼ਸਰਾਂ ਨੂੰ ਇਸ ਸੰਬੰਧ ਵਿੱਚ ਕੁਆਲੀਫੀਕੇਸ਼ਨ ਅਲਾਊਂਸ

ਮਿਲਦਾ ਹੈ, ਤੁਹਾਨੂੰ ਸਰਵਿਸ ਵਿੱਚ ਰਹਿੰਦਿਆਂ ਭਾਵੇਂ ਵੀਹ ਕੋਰਸ ਕਰਨੇ ਪੈਣ, ਪਰ ਇਸ ਨਾਲ ਤੁਹਾਨੂੰ ਧੇਲੇ ਦਾ ਨਫਾ ਨਹੀਂ ਹੋਣ ਲੱਗਾ, ਪਰ ਉਹੋ ਜਿਹਾ ਹੀ ਇੱਕ ਕੋਰਸ ਜੇਕਰ ਅਫ਼ਸਰ ਕਰ ਲਵੇ ਤਾਂ ਉਹਦੀ ਤਨਖਾਹ ਘੱਟ-ਘੱਟ ਵਾਈ ਵੀਹਾਂ ਵਧ ਜਾਂਦੀ ਹੈ। ਤੁਹਾਡੇ ਭਾਵੇਂ ਗ਼ਲਤੀ ਨਾਲ ਚਾਰ ਧੱਚੇ ਪੈਂਦਾ ਹੋ ਗਏ ਹੋਣ, ਮਕਾਨ ਦਾ ਕਿਰਾਇਆ ਸਵਾ ਕੁ ਸੌ ਪਰ ਇੱਕ ਅਫ਼ਸਰ ਨੂੰ ਇਹੋ ਸੱਤ-ਅੱਠ ਸੌ ਦੇ ਕਰੀਬ ਮਿਲਦਾ ਹੈ। ਤੇ ਜਨਾਬ ! ਮੇਰੀ ਤਨਖਾਹ ਬਾਰਾਂ ਸਾਲਾਂ ਦੇ (ਬਨਵਾਸ ਭੋਗਣ) ਬਾਅਦ ਵੀ ਲਾ ਪਾ ਕੇ ਮਸਾਂ ਸਾਢੇ ਪੰਜ ਸੌ ਦੇ ਕਰੀਬ ਹੈ। ਨਵੀਆਂ ਸਹੂਲਤਾਂ (ਮੁਨਾਫਿਆਂ !) ਅਨੁਸਾਰ, ਅਫ਼ਸਰ ਦਾ ਰਾਸ਼ਨ ਅਲਾਊਂਸ (ਜੋ ਹੁਣ ਤੱਕ ਨਹੀਂ ਮਿਲਦਾ ਸੀ, ਕਿਉਂਕਿ ਤਨਖਾਹਾਂ ਹੀ ਬਥੇਰੀਆਂ ਸਨ) ਵੀ ਲਾਗੂ ਕਰ ਦਿੱਤਾ ਗਿਆ ਹੈ, ਜੋ ਇੱਕ ਜਵਾਨ ਦੇ ਰਾਸ਼ਨ ਅਲਾਊਂਸ ਨਾਲੋਂ ਕੁਦਰਤੀ ਗੱਲ ਹੈ ਜ਼ਿਆਦਾ ਹੀ ਹੋਊ। ਇਸ਼ਾਰੇ ਵਜੋਂ ਇੱਕ ਅਫ਼ਸਰ ਜਦੋਂ ਟੈਂਪਰੇਰੀ ਡਿਊਟੀ 'ਤੇ ਜਾਂਦਾ ਹੈ, ਨਵੀਂ ਸਕੇਲ ਮੁਤਾਬਿਕ ਉਹਦਾ Daily Allowance ਚਾਲੀ-ਪੰਤਾਲੀ ਦੇ ਕਰੀਬ ਹੈ ਪਰ ਜੁਆਨ ਦਾ ਦੱਸ ਰੁਪੈ ਦੇ ਏੜ ਗੇੜ !!! ਹੁਣ ਇੰਦਰਾ ਬੀਬੀ ਦੇ ਕੰਨ 'ਚ, ਉਹ ਕਿਹੜਾ ਸੂਰਮਾ ਹੈ, ਜੋ ਫੂਕ ਮਾਰੇ ਕਿ 'ਮਾਤਾ ਜੀ ! ਇੱਕ ਜਵਾਨ, ਜਿਸ ਨੇ ਮੋਰਚੇ ਖੋਦਣੇ ਹਨ, (ਤੇ ਸਾਬ੍ਹ ਦੇ ਬੰਗਲੇ ਵਿਖੇ ਮਲਕਾ ਦੇ ਟਹਿਲਣ ਲਈ ਬਗ਼ੀਚਾ ਤਿਆਰ ਕਰਨਾ ਹੈ,) ਮੋਢੇ ਉੱਤੇ ਮਸ਼ੀਨ-ਗੰਨ ਲਟਕਾ ਕੇ ਹਰ ਰੋਜ਼ ਵੀਹ-ਤੀਹ ਮੀਲ ਦੌੜਨਾ ਹੈ, ਜਿਸ ਦਾ ਸਮੁੱਚਾ ਜੀਵਨ ਮੁਸ਼ੱਕਤ ਭਰਿਆ ਹੈ, ਉਹਨੂੰ ਜੇ ਵੱਧ ਨਹੀਂ ਤਾਂ ਘੱਟੋ-ਘੱਟ ਬਰਾਬਰ ਦੀ ਖੁਰਾਕ ਦੇਣ ਦਾ ਹੀਲਾ ਤਾਂ ਕਰ, ਜਾਂ ਚੱਲ ਏਨਾ ਹੀ ਕਰਦੇ ਕਿ ਉਹਦੀ ਆਪਣੀ ਖੁਰਾਕ ਵਿੱਚੋਂ "ਕੁੱਤਿਆਂ-ਬਿੱਲਿਆਂ" ਨੂੰ ਬੁਰਕੇ ਭਰਨ ਤੋਂ ਰੋਕਣ ਦਾ ਇੰਤਜ਼ਾਮ ਤਾਂ ਕਰਵਾ ਦੇ !!' ਪਰ ਕੌਣ ਆਖੇ ਰਾਣੀਏਂ...

ਅੱਜ ਕਿਸੇ ਤੋਂ ਲੁਕਿਆ ਛਿਪਿਆ ਨਹੀਂ ਕਿ ਦੇਸ਼ ਵਿੱਚ ਕਿਹੋ ਜਿਹਾ ਗਦਰ ਮਚਿਆ ਹੋਇਆ ਹੈ। ਬਾਪੂ ਟੋਪੀ ਤੇ ਚਿੱਟੇ ਕੁੜਤੇ ਪਜਾਮੇ ਦੇ ਪਰਛਾਵੇਂ ਹੇਠ ਜਿੰਨੀਆਂ ਮਰਜ਼ੀ ਗੱਲਾਂ ਮਾਰੀ ਜਾਓ, ਕੋਈ ਰੋਕ ਟੋਕ ਨਹੀਂ। ਧੌਣ ਝੁਕਾਓ, ਕੰਨ ਹੇਠਾਂ ਸੁੱਟੋ, ਖਸਿਆਰੇ ਚਿੱਟੇ (ਨਕਲੀ) ਦੰਦਾਂ 'ਚ ਮਿੰਨ੍ਹਾਂ ਮਿੰਨ੍ਹਾਂ ਮੁਸਕਰਾਓ ਤੇ ਪੂਛ ਹਿਲਾਓਂਦੇ ਉੱਚੇ ਤਖ਼ਤ ਉੱਤੇ ਜਾ ਪਹੁੰਚੋਂ ਇਹ ਮੌਜੂਦਾ ਰਾਜਨੀਤੀ ਹੈ। ਤੇ ਹਿੰਦੁਸਤਾਨ ਦੀ ਅਫ਼ਸਰ-ਸ਼ਾਹੀ ਕਿੰਨੀ ਕਮੀਨੀ, ਨਿਰਦਈ, ਲਾਚੜ ਤੇ ਐਸ਼-ਪ੍ਰਸਤ ਹੈ, ਇਸ ਦੀ ਦੁਨੀਆਂ 'ਚ ਮਿਸਾਲ ਨਹੀਂ ਮਿਲਦੀ। ਪਰ ਫ਼ੌਜ ਦਾ ਖੇਤਰ ਅਜਿਹਾ ਹੈ, ਜਿੱਥੇ ਸਭ ਕੁੱਝ ਤੇ ਓਹੋ ਕੁਝ, ਬੜੇ ਅਮਨ-ਅਮਾਨ ਨਾਲ ਹੋ ਰਿਹਾ ਹੈ, ਸੁਰੱਖਿਅਤ ਪਰਤਾਂ ਹੇਠ। (ਤੇ ਨਾਲੇ ਇਹ ਵੀ, ਕਿ ਸਿੱਧੇ ਅਸਿੱਧੇ ਤਰੀਕੇ ਨਾਲ ਜਵਾਨਾਂ ਦੀ ਭਲਾਈ ਵਾਲੇ ਫੰਡ, ਅਫ਼ਸਰਾਂ ਦੀ ਬੀਵੀਆਂ ਦੇ ਸ਼ਿੰਗਾਰ ਤੇ ਬੱਚਿਆਂ ਲਈ ਮੱਖਣ-ਜਾਮ ਰਾਹੀਂ ਖਾਧੇ ਜਾਂਦੇ ਹਨ। ਹੋਰ ਸੁਣੋ ! PSI Fund, ਜੋ ਜਵਾਨ ਖ਼ੁਦ ਕੰਟਰੀਬਿਊਟ ਕਰਦੇ ਹਨ, ਉਹ ਅਫ਼ਸਰਾਂ ਦੀਆਂ ਰੰਗਦਾਰ ਤੇ ਕਾਕਟੇਲ ਪਾਰਟੀਆਂ ਉੱਤੇ ਉਡਾਏ ਜਾਂਦੇ ਹਨ !!) ਤੇ ਜਿੱਥੇ ਹੁੰਦੇ ਘਪਲਿਆਂ ਤੇ ਹੇਰਾ-ਫੇਰੀਆਂ ਨੂੰ ਕੌਮੀ ਹਿੱਤਾਂ ਦੀ ਸੁਰੱਖਿਆ ਦੀ ਆੜ ਹੇਠ ਢੱਕ ਲਿਆ ਜਾਂਦਾ ਹੈ। ਕੀ ਲੋਕ ਸੈਂਟਰਲ ਆਰਡੀਨੈਂਸ ਡੀਪੂ ਦਿੱਲੀ ਕੈਂਟ ਵਿਖੇ ਵਾਪਰੀ, ਸ਼ਸ਼ੀ ਤੇ ਲਾਜਾਰ ਦੀ ਦਹਿਸ਼ਤ ਭਰੀ ਕਹਾਣੀ ਨੂੰ ਭੁੱਲ ਗਏ ਹਨ ? ਇਕ ਈਮਾਨਦਾਰ ਏਅਰਫੋਰਸ ਅਫ਼ਸਰ ਬਾਜਵਾ, ਜੋ ਉੱਚੀ-ਸੁੱਚੀ ਅਫ਼ਸਰਸ਼ਾਹੀ ਦੇ ਜਬਰ ਦਾ ਬੁਰੀ ਤਰ੍ਹਾਂ ਸ਼ਿਕਾਰ ਬਣਿਆ ਤੇ ਜਿਸ ਨੇ ਸੁਪਰੀਮ ਕੋਰਟ ਵਿੱਚ ਜਾ ਕੇ ਮੁਕੱਦਮਾ ਦਾਇਰ ਕੀਤਾ, ਕੀ ਅਸੀਂ ਉਸ ਬਾਰੇ ਕੁਝ ਨਹੀਂ ਪੜ੍ਹਿਆ ?

ਵਿਚਾਰਯੋਗ ਨੁਕਤਾ ਤਾਂ ਇਹ ਹੈ ਫ਼ੌਜ ਵਿੱਚ ਹੇਠਲੇ ਤੇ ਮੱਧ ਵਰਗੀ (ਜੇ. ਸੀ. ਓ.) ਰੈਂਕਰਜ ਨੂੰ ਕੀ ਕੋਈ ਮੁਸ਼ਕਲ ਹੀ ਨਹੀਂ ? ਕੀ ਉਨ੍ਹਾਂ ਦੇ ਕੋਈ ਮਸਲੇ ਨਹੀਂ ਹਨ ? ਸਗੋਂ ਉਨ੍ਹਾਂ ਦੇ ਮਸਲੇ ਹੋਰ ਵੀ ਗੰਭੀਰ ਹਨ। ਉਨ੍ਹਾਂ ਨੇ ਵੀ ਅੱਜ ਦੇ ਮਹਿੰਗੇ ਸਮੇਂ ਵਿੱਚ ਨਿਰਬਾਹ ਕਰਨਾ ਹੈ, ਬੱਚੇ ਪਾਲਣੇ ਹਨ। ਪਰ ਉਨ੍ਹਾਂ ਦੀਆਂ ਸਹੂਲਤਾਂ ਨੂੰ ਵੱਢੂ-ਪਾਊਂ ਕੀਤਾ ਜਾਂਦਾ ਹੈ। ਉਨ੍ਹਾਂ ਦੀ ਆਪਣੀ ਕੋਈ ਆਵਾਜ਼ ਨਹੀਂ, ਪੁਕਾਰ ਨਹੀਂ। ਉਨ੍ਹਾਂ ਕੋਲ ਹੱਕ ਨਾਂ ਦੀ ਕੋਈ ਚੀਜ਼ ਨਹੀਂ। ਬੱਸ 'ਰਾਮ ਰਾਮ ਜੀ', 'ਠੀਕ ਹੈ ਸਾਬ੍ਹ, ਹਾਂ ਜੀ ਮਾਈ ਬਾਪ' ਕਰਦੇ ਜਾਓ। ਸਾਰੀ ਨੌਕਰੀ ਗੱਡੀਆਂ 'ਚ ਧੱਕੇ ਖਾਈ ਜਾਓ। ਅੱਜ ਊਧਮਪੁਰ ਤੇ ਕੱਲ੍ਹ ਡਿੱਬਰੂਗੜ੍ਹ। ਬੱਚੇ ਰੁਲ ਜਾਂਦੇ ਹਨ, ਘਰ ਵਾਲੀਆਂ ਬਾਗੀ ਹੋ ਜਾਂਦੀਆਂ ਹਨ, ਬਾਪੂ ਦਵਾਈ ਖੁਣੋਂ ਤੜਫਦਾ ਰਹਿੰਦਾ ਹੈ ਤੇ ਮਾਂ ਆਖਰੀ ਸਾਹਾਂ ਵੇਲੇ ਪੁੱਤ ਨੂੰ ਇੱਕ ਨਜ਼ਰੇ ਦੇਖਣ ਲਈ ਤਰਸਦੀ ਜਹਾਨੋਂ ਤੁਰ ਜਾਂਦੀ ਹੈ। ਸਾਰੀ ਨੌਕਰੀ 'ਚ ਸਾਥੋਂ ਮਕਾਨ ਨਹੀਂ ਬਣਦਾ, ਘਰ ਨਹੀਂ ਬੱਝਦਾ। (ਮਿਹਰਬਾਨੋਂ ! ਮੈਂ ਤੰਗੀ ਖੁਣੋਂ ਬੀ. ਐਸ. ਸੀ. ਵਿੱਚੇ ਛੱਡ ਡਰਾਈਵਰ ਭਰਤੀ ਹੋ ਗਿਆ ਸੀ। ਬਾਰਾਂ ਸਾਲ ਬਾਦ ਵੀ ਮੇਰੀ ਤਨਖਾਹ, ਪਿੰਡ ਦੇ ਪ੍ਰਾਇਮਰੀ ਸਕੂਲ ਦੇ ਚਪੜਾਸੀ ਤੋਂ ਮਸਾਂ ਸੌ ਕੁ ਰੁਪਿਆ

ਵੱਧ ਹੈ। ਉਂਞ ਮੈਂ ਐਮ. ਏ. ਵੀ ਕਰ ਲਈ ਹੈ। ਪਰ ਕੀ ਫਰਕ ਪੈਂਦਾ ? ਇੱਕ ਵਾਰ ਫਸ ਜੁ ਗਏ, ਉਮਰ ਕੈਦ ਭੁੱਗ ਕੇ ਹੀ ਨਿਕਲਾਂਗੇ। ਰੱਬ ਜਾਵੇ ਉਹ ਵੀ...)

ਛੁੱਟੀ ਦੌਰਾਨ ਮੇਰਾ ਏਅਰ ਫੋਰਸ ਦਾ ਇੱਕ ਹਮਜਮਾਤੀ ਦੱਸ ਰਿਹਾ ਸੀ ਕਿ ਸਰਕਾਰ ਦੀ ਮੌਜੂਦਾ ਨੀਤੀ ਹੋਰ ਵੀ ਮਾਰੂ ਹੈ। ਲੋਕ ਤੰਗ ਹੋਣ ਕਰਕੇ ਧੜਾ ਧੜ ਸਰਵਿਸ ਛੱਡ ਰਹੇ ਸਨ। ਪਰ ਹੁਣ ਨਵੇਂ ਭਰਤੀ ਹੋ ਰਹੇ ਭੋਲੇ-ਨ ਥ ਮੁੰਡਿਆਂ (ਗੁਲਾਮਾਂ ??) ਤੋਂ ਪਹਿਲਾਂ ਹੀ ਵੀਹ ਸਾਲ (ਉਮਰ ਕੈਦ !!) ਦਾ ਬੌਂਡ ਭਰਵਾ ਲਿਆ ਜਾਂਦਾ ਹੈ। ਤੇ ਹਕੀਕਤ ਇਹ ਹੈ ਕਿ ਹੁਣ ਨਵੀਂ ਭਰਤੀ ਬਹੁਤ ਘੱਟ ਕੀਤੀ ਜਾ ਰਹੀ ਹੈ। ਸਭ ਟਰੇਡਾਂ ਵਿੱਚ ਸ਼ਾਰਟੇਜ ਹੈ! ਇੱਕ ਬੰਦੇ ਤੋਂ ਤਿੰਨ ਤਿੰਨ ਬੰਦਿਆਂ ਦਾ ਕੰਮ ਲਓ ਤੇ ਅੱਗੋਂ ਉਹ ਚੀਕੇ ਵੀ ਨਾ, ਮਿਹਨਤ ਵੀ ਉਹੋ ਪੁਰਾਣੀ ਰੋਅਬ ਦਾਬ ਵਾਧੂ ਦਾ, ਇੱਜ਼ਤ ਵੱਖਰੀ। ਭਲਾ ਐਹੋ ਜਿਹੇ ਪੜ੍ਹੇ-ਲਿਖੇ ਗ਼ੁਲਾਮ ਕਿੱਥੇ ਲੱਭਣਗੇ ??? ਫਿਰ ਜ਼ਰਾ ਕੁਸਕ ਕੇ ਤਾਂ ਦੇਖੋ, ਸਾਬ੍ਹ ਦੀ ਕਲਮ, ਅਜਿਹੇ ਵੱਟ ਕੱਢੂ, (ਆਪ ਭਾਵੇਂ ਸਾਬ੍ਹ ਰਾਮ ਨਾਮ ਸੱਤ ਹੀ ਹੋਣ) ਕਿ ਉਮਰਾਂ ਤੀਕ ਯਾਦ ਰੱਖੋਗੇ।

ਸਵਾਲ ਪੈਦਾ ਹੁੰਦਾ ਹੈ ਕਿ ਫੌਜੀ ਜਵਾਨਾਂ (ਦੀ ਦੁੱਭਰ ਭਰੀ ਜ਼ਿੰਦਗੀ) ਦਾ ਕੋਈ ਮਸਲਾ ਹੈ ਤਾਂ ਇਹ ਕਿਵੇਂ ਹਾਕਮਾਂ ਤੱਕ ਪਹੁੰਚੇ, ਘੱਟੋ ਘੱਟ ਤਨਖਾਹਾਂ ਦੇ ਸੁਧਾਰ ਦਾ। (ਪੁਚਾਣਾ ਤਾਂ ਅਫਸਰਾਂ ਨੇ ਹੀ ਹੈ ਪਰ ਜਿਨ੍ਹਾਂ ਦਾ ਆਪਣਾ ਢਿੱਡ ਭਰ ਰਿਹਾ ਹੈ, ਉਹ ਸਾਡਾ ਫ਼ਿਕਰ ਕਿਉਂ ਕਰਨ ?) ਹਰ ਰੋਜ਼ ਨਵੀਆਂ ਖ਼ਬਰਾਂ ਪੜ੍ਹਦੇ ਹਾਂ, ਕਿਧਰੇ ਅਧਿਆਪਕਾਂ ਨੇ ਰੈਲੀਆਂ ਕੀਤੀਆਂ ਹਨ ਤੇ ਕਿਧਰੇ ਕਿਸਾਨਾਂ ਨੇ, ਕਿਧਰੇ ਮਜ਼ਦੂਰਾਂ ਨੇ ਭੁੱਖ-ਹੜਤਾਲਾਂ ਆਰੰਭੀਆਂ ਹੋਈਆਂ ਹਨ ਤੇ ਬੇਰੁਜ਼ਗਾਰਾਂ ਨੇ ਧਰਨੇ। ਫਿਰ ਹਰ ਤਰ੍ਹਾਂ ਦੇ ਸਰਕਾਰੀ ਮੁਲਾਜ਼ਮ ਆਪਣੀਆਂ ਮੰਗਾਂ ਦਾ ਹੋਕਾ ਦੇ ਸਕਦੇ ਹਨ, ਸਵੈ ਡੀਫੈਂਸ ਕਰਮਚਾਰੀਆਂ (Civilians) ਦੇ। ਹਨ੍ਹੇਰ ਸਾਈਂ ਦਾ। ਵੇਸ਼ਵਾਵਾਂ ਆਪਣੀਆਂ ਮੰਗਾਂ ਨੂੰ ਲੈ ਕੇ ਵੱਡੇ ਵੱਡੇ ਜਲੂਸ ਕੱਢ ਸਕਦੀਆਂ ਸਨ। ਕਿਸਮਤ ਤੇ ਮਾਰੇ (ਜਾਂ ਹਕੂਮਤ ਰਾਹੀਂ ਕੀਤੇ ਗਏ) ਅੰਨ੍ਹੇ-ਦੁਰਭਾਗੇ ਲੋਕ ਆਪਣੇ ਨਾਲ ਹੋ ਰਹੇ ਧੱਕਿਆਂ ਵਿਰੁੱਧ ਧਰਨੇ ਮਾਰ ਸਕਦੇ ਹਨ। ਲੋਹੜਾ ਓਏ ! ਹੀਜੜੇ ਆਪਣੇ ਹੱਕਾਂ ਦੇ ਸਿਲਸਿਲੇ 'ਚ ਵੱਡੀਆਂ ਵੱਡੀਆਂ ਕਾਨਫਰੰਸਾਂ ਆਯੋਜਨ ਕਰ ਸਕਦੇ ਹਨ !!! ਪਰ ਫੌਜੀ-ਜਵਾਨਾਂ ਨੂੰ ਕੋਈ ਰਾਹ ਹਾਸਲ ਨਹੀਂ ਕਿ ਉਹ ਕਿਸੇ ਦਾ ਆਪਣੇ ਵੱਲ ਧਿਆਨ ਖਿੱਚ ਸਕਣ। (ਇਹ ਵੀ ਸੰਭਵ ਨਹੀਂ ਕਿ ਪੁਲੀਸ ਐਜੀਟੇਸ਼ਨਾਂ ਵਾਂਗ ਏਥੇ ਵੀ ਕੁਝ ਵਾਪਰੇ, ਜੋ ਹਾਕਮਾਂ ਦੇ ਡੁੱਬੇ ਹੋਸ਼ ਜਗਾ ਸਕੇ।) ਫੌਜੀ ਅਫ਼ਸਰ, ਜੋ ਸਰਕਾਰ ਦੀ ਹੀ ਇਕ ਸ਼ਾਖਾ ਪ੍ਰਤੀਨਿਧਤਾ ਕਰਦੇ ਹਨ, ਕਦੇ ਨਹੀਂ ਚਾਹੁਣਗੇ ਕਿ ਸਾਡਾ (ਜਵਾਨਾਂ ਦਾ) ਕਿਸੇ ਪੱਖੋਂ ਸੁਧਾਰ ਹੋਵੇ। ਅੱਜ ਦਾ ਭਾਰਤੀ ਫੌਜੀ ਅਫ਼ਸਰ ਕਿਰਦਾਰ ਦੇ ਲਿਹਾਜ਼ੇ ਮੁਗ਼ਲ ਬਾਦਸ਼ਾਹ ਤੋਂ ਘੱਟ ਨਹੀਂ ਤੇ ਵਰਤੋਂ-ਵਿਹਾਰ ਵਿਚ ਉਹ ਅੰਗਰੇਜ਼-ਸ਼ਾਸਕ ਤੋਂ ਵੱਧ ਚੁੱਸਤ ਹੈ।

ਸਾਬਕਾ ਫੌਜੀ ਜਥੇਬੰਦੀਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੀਆਂ ਨਿੱਜੀ ਸਮੱਸਿਆਵਾਂ ਦੇ ਨਾਲ ਨਾਲ, ਆਪਣੇ ਫੌਜੀ ਭਰਾਵਾਂ ਦੀਆਂ ਉਜਰਤਾਂ ਵਿਚ ਯੋਗ ਸੁਧਾਰ ਕਰਨ ਦੀ ਮੰਗ ਨੂੰ ਵੀ ਉਠਾਉਣਾ। ਜੇ ਉਨ੍ਹਾਂ ਦੇ ਨੌਕਰੀ ਕਰ ਰਹੇ ਭਰਾਵਾਂ ਨੂੰ ਮੂੰਹ ਖੋਲ੍ਹਣ ਜਾਂ ਅੱਖਾਂ ਡੋਲ੍ਹਣ ਦੀ ਇਜ਼ਾਜਤ ਨਹੀਂ ਤਾਂ ਘੱਟੋ ਘੱਟ ਉਹ ਤਾਂ ਉਨ੍ਹਾਂ ਦੇ ਦੁੱਖ-ਦਰਦ, ਜੋ ਉਨ੍ਹਾਂ ਖ਼ੁਦ ਆਪਣੀ ਜ਼ਿੰਦਗੀ 'ਚ ਹੰਢਾਏ ਹਨ, ਸਰਕਾਰ ਦੇ ਧਿਆਨ ਗੋਚਰੇ ਕਰ ਸਕਦੀਆਂ ਹਨ। ਨਿੱਤ ਨਵੇਂ ਫੌਜੀ ਹਥਿਆਰਾਂ ਉਤੇ ਅੰਨ੍ਹਾ ਤੇ ਬੇਥਾਹਾ ਪੈਸਾ ਖਰਚਿਆ ਜਾ ਰਿਹਾ ਹੈ ! ਸਮਝੌਤੇ ਜਾਂ ਕਾਨਟਰੈਕਟਰਜ਼ ਹਾਲਾਂ ਪੁੱਗਦੇ ਨਹੀਂ ਕਿ ਵਿਚੇ ਹੀ ਛੱਡ ਨਵੇਂ ਆਰੰਭ ਲਏ ਜਾਂਦੇ ਹਨ। ਪਰ ਜਿਨ੍ਹਾਂ ਨੇ ਐਨੇ ਮਹਿੰਗੇ ਹਥਿਆਰਾਂ ਦੀ ਸੰਭਾਲ ਕਰਨੀ ਹੈ, ਉਨ੍ਹਾਂ ਬਿਲਕੁਲ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਜੇ ਸਾਡਾ ਦੇਸ਼ ਗਰੀਬ ਹੈ ਤਾਂ ਕੀ ਅੱਜ ਅਸੀਂ ਫੌਜੀ-ਭਾਈ ਹੀ ਇਹ ਗੱਲ ਸੋਚੀਏ ਕਿ ਬਈ ਜਿਵੇਂ ਵੀ ਜਿਸ ਹਾਲ 'ਚ ਵੀ ਹੈ, ਗੁਜ਼ਾਰਾ ਕਰੀ ਚੱਲੋ। ਕੀ ਵੱਡੇ ਵੱਡੇ ਢਿੱਡਾਂ ਤੇ ਸਿਤਾਰਿਆਂ ਵਾਲਿਆਂ ਦਾ ਕੋਈ ਫਰਜ਼ ਨਹੀਂ ਬਣਦਾ, ਜੋ ਮਾਲ ਧੂਹ ਧੂਹ ਘਰ ਬਾਹਰ (ਬਿਦੇਸ਼ੀ ਬੈਂਕ !) ਭਰੀ ਜਾ ਰਹੇ ਹਨ। ਇਸ ਗੱਲ ਤੋਂ ਕੋਈ ਮੁਨਕਰ ਨਹੀਂ ਕਿ ਜੇਕਰ ਅਸੀਂ ਡੀਫੈਂਸ ਦੇ ਖੇਤਰ 'ਚ ਇਕ-ਸੁਰ ਤੇ ਮਜ਼ਬੂਤ ਨਹੀਂ ਤਾਂ ਦੇਸ਼ ਤਰੱਕੀ ਨਹੀਂ ਕਰ ਸਕਦਾ। ਪਰ ਨਿੱਤ ਵਧ ਰਹੇ ਪਾੜੇ ਕਾਰਨ ਫੌਜੀ ਅਫ਼ਸਰਾਂ ਤੇ ਜਵਾਨਾਂ ਵਿਚ ਆਪਰੇਸ਼ਨਲ ਫਰੰਟ ਉਤੇ ਆਪਸੀ ਤਾਲ-ਮੇਲ ਵਿਚ ਤਰੇੜਾਂ ਦੇਖਣ ਆਈਆਂ ਹਨ, ਭਾਵੇਂ ਕੋਈ ਲੱਖ ਵਾਰ ਇਸ ਤੱਥ ਨੂੰ ਝੁਠਲਾਵੇ। ਭਾਈਚਾਰਕ ਪੱਖੋਂ ਤਾਂ ਪਹਿਲਾਂ ਹੀ ਬੁਰਾ ਹਾਲ ਸੀ ਪਰ ਹੁਣ ਹੋਰ ਵੀ ਮੰਦੀ ਹਾਲਤ ਹੈ। (ਫੌਜ ਹੁਣ ਕਿਸੇ ਇਕ ਇਕਾਈ ਦਾ ਨਾਂ ਨਹੀਂ। ਏਥੇ ਦੋ ਬਿਲਕੁਲ ਵਿਰੋਧੀ ਵਰਗ ਹਨ। ਅਫ਼ਸਰ ਬ੍ਰਾਹਮਣ ਹਨ ਤੇ ਬਾਕੀ ਸਭਨਾਂ ਨੂੰ ਉਹ ਸ਼ੂਦਰ ਤੋਂ ਵੱਧ ਨਹੀਂ ਸਮਝਦੇ !)

ਸਮੁੱਚੇ ਤੌਰ ਉਤੇ ਦੇਸ਼ ਦੀ ਸੁਰੱਖਿਆ ਤੇ ਖੁਸ਼ਹਾਲੀ ਨੂੰ ਧਿਆਨ 'ਚ ਰੱਖਦਿਆਂ, ਜਵਾਨਾਂ ਦੇ ਹੌਂਸਲੇ ਨੂੰ ਨਵੇਂ ਸਿਰਿਓਂ ਬੰਨ੍ਹਣ ਲਈ, ਘੱਟੋ ਘੱਟ

ਆਰਥਿਕ ਨੁਕਤੇ ਨਜ਼ਰ ਤੋਂ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ, ਵਰਨਾ ਅਗਾਂਹ ਆਉਣ ਵਾਲੇ ਸਮੇਂ ਵਿਚ (ਤੇ ਅਗਾਂਹ ਨੂੰ ਲੜੀਆਂ ਜਾਣ ਵਾਲੀਆਂ ਲੜਾਈਆਂ ਵਿਚ) ਇਸ ਦੇ ਭੈੜੇ ਸਿੱਟੇ ਨਿਕਲਣਗੇ।

ਅੰਤ ਵਿਚ ਮੈਂ ਪੀਪਲਜ਼ ਯੂਨੀਅਨ ਆਫ ਡੈਮੋਕਰੇਟਿਕ ਰਾਈਟਰਜ਼ ਅਤੇ ਜਮਹੂਰੀ ਅਧਿਕਾਰ ਸਭਾ ਜਹੀਆਂ ਜਥੇਬੰਦੀਆਂ ਨੂੰ ਗੁਜ਼ਾਰਿਸ਼ ਕਰੂੰਗਾ ਕਿ ਉਹ ਆਪਣੇ ਵਿੱਤ ਅਨੁਸਾਰ, ਫੌਜੀ ਜਵਾਨਾਂ ਦੇ ਆਰਥਕ ਮਸਲੇ ਨੂੰ (ਬਾਕੀ ਤਾਂ ਸੱਭ ਕੁਝ ਸਹਿ ਸਕਦੇ ਹਾਂ) ਹਾਕਮਾਂ ਦੇ ਧਿਆਨ 'ਚ ਲਿਆਉਣ, ਜਿਸ ਵਲੋਂ ਅੱਜ ਤੱਕ ਸਭਨਾਂ ਨੇ ਅੱਖਾਂ ਹੀ ਮੀਟੀ ਰੱਖੀਆਂ ਹਨ।

**ਇਕ ਫੌਜੀ ਜਵਾਨ**

## ਆਸਾਮ ਵਿਚ ਬੈਠੇ ਇਕ ਪੰਜਾਬੀ ਫੌਜੀ ਦੀ ਚਿੱਠੀ

—ਅੱਜ ਹਰ ਸਟੇਟ ਵਿਚ ਗੜਬੜ ਦਾ ਦੌਰ ਚਲ ਰਿਹਾ ਹੈ। ਪਰ ਅਸਾਮ ਵਿਚ ਇਹ ਦੌਰ ਬੜੀ ਵੱਡੀ ਪੱਧਰ 'ਤੇ ਹੈ। ਇਹ ਤਾਂ ਅਸੀਂ ਅੱਖੀਂ ਦੇਖ ਲਿਆ ਹੈ। ਕਿ ਇਸ ਗੱਦਰ ਦਾ ਕਾਰਨ ਸਾਡੀ ਗੌਰਮਿੰਟ ਹੈ ਕਿਉਂਕਿ ਅੱਜ ਅਸਾਮ ਵਿਚ ਫੌਜ, ਸੀ.ਆਰ.ਪੀ., ਬੀ.ਐਸ.ਐਫ., ਅਤੇ ਪੀ. ਏ. ਪੀ. ਆਦਿ ਸਾਰੀਆਂ ਸੰਸਥਾਵਾਂ ਪਹੁੰਚੀਆਂ ਹੋਈਆਂ ਹਨ। ਪਰ ਇਹ ਗਰੀਬ ਜਨਤਾ ਦੀ ਰਾਖੀ ਲਈ ਨਹੀਂ ਸਗੋਂ ਅਮੀਰਾਂ ਦੀਆਂ ਕੋਠੀਆਂ ਅਤੇ ਗੌਰਮਿੰਟ ਦੇ ਪ੍ਰੋਡੈਕਸ਼ਨ ਸਾਧਨਾਂ ਦੇ ਚਾਰੇ ਪਾਸੇ ਘੁੰਮ ਰਹੀਆਂ ਹਨ। ਅੱਜ ਅਸਾਮ ਵਿਚ ਗਰੀਬਾਂ ਦੀਆਂ ਝੌਪੜੀਆਂ ਨੂੰ ਅੱਗ ਨਾਲ ਸਾੜਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਅਮੀਰਾਂ ਦੀਆਂ ਕੋਠੀਆਂ ਅਤੇ ਕਾਰਖਾਨਿਆਂ ਦਾ ਸ਼ੀਸ਼ਾ ਵੀ ਨਹੀਂ ਟੁੱਟਾ। ਅੱਜ ਫੌਜ ਅਤੇ ਪੁਲਿਸ ਦੇ ਸਾਹਮਣੇ ਕੋਈ ਗਰੀਬ ਮਰਦ ਜਾਂ ਔਰਤ ਨੂੰ ਮਾਰ ਰਿਹਾ ਹੋਵੇ ਜਾਂ ਉਨ੍ਹਾਂ ਦੀ ਇੱਜ਼ਤ ਲੁੱਟ ਰਿਹਾ ਹੋਵੇ ਜਾਂ ਉਨ੍ਹਾਂ ਦੀ ਝੌਂਪੜੀ ਨੂੰ ਅੱਗ ਲਾ ਰਿਹਾ ਹੋਵੇ ਪਰ ਫੌਜ ਅਤੇ ਪੁਲਿਸ ਨੂੰ ਕੋਈ ਹਮਦਰਦੀ ਨਹੀਂ। ਪਰ ਇਸ ਵਿਚ ਗਲਤੀ ਸਿਪਾਹੀ ਦੀ ਨਹੀਂ ਉਹ ਤਾਂ ਨੌਕਰ ਹੈ। ਇਹੋ ਜਹੇ ਕੰਮ ਕਰਨ ਲਈ ਆਰਡਰ ਤਾਂ ਅਫ਼ਸਰਸ਼ਾਹੀ ਵਲੋਂ ਹੀ ਮਿਲਦੇ ਹਨ। ਇਹ ਤਾਂ ਸਿਰਫ਼ ਮੁੱਠੀ ਭਰ ਸਰਮਾਏਦਾਰਾਂ ਦੀ ਰਾਖੀ ਲਈ ਹੀ ਆਰਡਰ ਦੇਂਦੇ ਹਨ। ਇਸ ਤੋਂ ਸਾਫ਼ ਜ਼ਾਹਰ ਹੈ ਕਿ ਸਿਪਾਹੀ ਅਮੀਰਾਂ ਦੀ ਰਾਖੀ ਲਈ ਹੀ ਪਾਲਿਆ ਜਾਂਦਾ ਹੈ। ਪਰ ਤਨਖਾਹ ਗਰੀਬਾਂ ਤੇ ਟੈਕਸ ਲਾ ਕੇ ਦਿੱਤੀ ਜਾਂਦੀ ਹੈ ਅਤੇ ਗਰੀਬਾਂ ਨੂੰ ਤਸੱਲੀ ਦਿੱਤੀ ਜਾਂਦੀ ਹੈ ਕਿ ਸਰਹੱਦਾਂ ਤੇ ਫੌਜ ਤੁਹਾਡੀ ਰਾਖੀ ਕਰ ਰਹੀ ਹੈ। ਇਹ ਗੱਲ ਹੱਡ ਬੀਤੀ ਹੈ ਕਿ ਜਿਨ੍ਹਾਂ ਦੀ ਅਸੀਂ ਰਾਖੀ ਕਰਦੇ ਹਾਂ ਉਨ੍ਹਾਂ ਦੀ ਕੋਠੀ ਵਿਚੋਂ ਅਸੀਂ ਪਾਣੀ ਵੀ ਨਹੀਂ ਪੀ ਸਕਦੇ। ਸਗੋਂ ਉਲਟਾ ਅਗਰ ਉਨ੍ਹਾਂ ਦੀ ਕੋਠੀ ਵੱਲ ਨਜ਼ਰ ਭਰ ਕੇ ਵੇਖ ਵੀ ਲਿਆ ਜਾਵੇ ਤਾਂ ਸਜ਼ਾ ਮਿਲਦੀ ਹੈ। ਪਰ ਉਨ੍ਹਾਂ ਗਰੀਬਾਂ ਦੀ ਜਿਨ੍ਹਾਂ ਦੀ ਅਸੀਂ ਰਾਖੀ ਵੀ ਨਹੀਂ ਕਰਦੇ। ਸਗੋਂ ਉਨ੍ਹਾਂ ਗਰੀਬਾਂ ਦੀਆਂ ਧੀਆਂ, ਭੈਣਾਂ ਅਤੇ ਮਾਵਾਂ ਨੂੰ ਮਜ਼ਾਕ ਵੀ ਕਰਦੇ ਹਾਂ। ਉਨ੍ਹਾਂ ਦੇ ਘਰਾਂ ਤੋਂ ਲਕੜੀ ਚੁੱਕ ਕੇ ਜਲਾ ਲੈਂਦੇ ਹਾਂ। ਉਨ੍ਹਾਂ ਦੇ ਬਾਂਸ ਕੱਟਕੇ ਬੜੀ ਗੱਲਤ ਵਰਤੋਂ ਕਰਦੇ ਹਾਂ। ਪਰ ਉਹ ਦੱਬੇ ਹੋਣ ਕਰਕੇ ਉਹ ਬੋਲ ਨਹੀਂ ਸਕਦੇ। ਬਾਂਸ ਉਨ੍ਹਾਂ ਦੀ ਖੇਤੀ ਹੁੰਦਾ ਹੈ। ਜਾਗਦੀ ਜ਼ਮੀਰ ਵਾਲੇ ਇਨਸਾਨਾਂ ਨੂੰ ਇਹ ਦੇਖ ਕੇ ਰੋਣਾ ਆਉਂਦਾ ਹੈ। ਜਦੋਂ ਉਨ੍ਹਾਂ ਨਾਲ ਇਸ ਤਰ੍ਹਾਂ ਧੱਕਾ ਕੀਤਾ ਜਾਂਦਾ ਹੈ ਜੋ ਤੇਲ ਜਾਂ ਲਕੜੀ ਸਾਡੇ ਰਾਸ਼ਨ ਬਨਾਉਣ ਲਈ ਮਿਲਦੀ ਹੈ। ਜੇ ਉਹ ਸਹੀ ਸਕੇਲ ਨਾਲ ਮਿਲੇ ਤਾਂ ਸਾਨੂੰ ਲਕੜੀ ਚੋਰੀ ਨਾ ਕਰਨੀ ਪਵੇ। ਅੱਜ ਅਸੀਂ ਤਾਂ ਅਸਾਮ ਵਿਚ ਕੋਈ ਵੋਟਿੰਗ ਹੁੰਦੀ ਵੇਖੀ ਨਹੀਂ ਪਰ ਸਰਕਾਰ ਫਿਰ ਵੀ ਬਣ ਗਈ ਹੈ। ਪਰ ਇਹ ਧੱਕੇਸ਼ਾਹੀ ਜ਼ਿਆਦਾ ਦੇਰ ਨਹੀਂ ਚੱਲੇਗੀ। 9 ਫਰਵਰੀ ਤੋਂ 23 ਫਰਵਰੀ ਤੱਕ ਇਨ੍ਹਾਂ ਦੀ ਹੜਤਾਲ ਵੇਖ ਕੇ ਪਤਾ ਲਗਾ ਹੈ ਕਿ ਇਹ ਝੌਪੜੀਆਂ ਵਿਚ ਰਹਿਣ ਵਾਲੇ ਲੋਕ ਸਾਡੇ ਪੰਜਾਬ ਨਾਲੋਂ ਅੱਗੇ ਹਨ। ਇਹ ਬੜੀ ਮੰਦਹਾਲੀ ਵਿਚ ਆਪਣੇ ਹੱਕ ਮੰਗ ਰਹੇ ਹਨ ਇਨ੍ਹਾਂ ਦੇ ਹੱਥਾਂ ਵਿਚ ਤਾਕਤ ਨਹੀਂ ਹੈ ਪਰ ਏਕਾ ਹੈ। ਇਨ੍ਹਾਂ 15 ਦਿਨਾਂ ਦੌਰਾਨ ਫੌਜ ਅਤੇ ਪੁਲਿਸ ਦੀਆਂ ਗੱਡੀਆਂ ਤੋਂ ਬਿਨਾਂ ਕੋਈ ਹਰਕਤ ਨਹੀਂ ਹੋਈ। ਕੋਈ ਬਜ਼ਾਰ ਨਹੀਂ ਖੁੱਲਾ ਅਤੇ ਨਾ ਹੀ ਕੋਈ ਮਜ਼ਦੂਰ ਕੰਮ 'ਤੇ ਆਇਆ ਹੈ। ਅਸਾਮ ਦਾ ਹਾਲ 1947 ਦੇ ਗ਼ਦਰ ਤੋਂ ਵੀ ਬੁਰਾ ਹੋਇਆ ਹੈ। ਅਸਾਮ ਦੀਆਂ ਸੜਕਾਂ ਅਤੇ ਰੇਲਵੇ ਲਾਈਨਾਂ ਆਮ ਜਨਤਾ ਲਈ ਨਹੀਂ ਸਗੋਂ ਟੀ. ਸਟੇਟ (ਟੀ. ਈ.) ਅਤੇ ਸਰਹੱਦਾਂ ਲਈ ਹਨ। ਅਸਾਮ ਵਿਚ ਮਹਿੰਗਾਈ ਦੀ ਹੱਦ ਵੀ ਟੱਪ ਗਈ ਹੈ। ਪੰਜਾਬ ਵਿਚੋਂ 140 ਰੁ: ਆਂਦੀ ਕਣਕ ਅੱਜ ਅਸਾਮ ਵਿਚ 340 ਰੁ: ਕੁਵਿੰਟਲ ਵਿੱਕ ਰਹੀ ਹੈ ਅਤੇ ਅਸਾਮ ਤੇ ਟੈਕਸ ਵੀ ਬੜੇ ਭਾਰੀ ਲਗੇ ਹਨ। ਮਤਲਬ ਇਹ ਹੈ ਕਿ ਹੜਤਾਲਾਂ ਦੌਰਾਨ ਜੋ ਘਾਟਾ ਪੈਂਦਾ ਹੈ। ਉਹ ਗੌਰਮਿੰਟ ਇਨ੍ਹਾਂ ਦੇ ਸਿਰੋਂ ਹੀ ਪੂਰਾ ਕਰਦੀ ਹੈ। ਹੁਣ ਦੀ ਹੜਤਾਲ ਤੋਂ ਬਾਅਦ ਚਾਹ ਪੱਤੀ ਦੇ ਰੇਟ 7 ਰੁ: ਪ੍ਰਤੀ ਕਿਲੋ ਵਧਾ ਦਿਤੇ ਹਨ। ਇਨ੍ਹਾਂ ਲੋਕਾਂ 'ਤੇ ਤਾਂ ਇਹ ਟੈਕਸ ਇਸ ਲਈ ਲਾਏ ਜਾਂਦੇ ਹਨ ਕਿ ਇਹ ਗ਼ਦਰ ਕਰਦੇ ਹਨ ਕਿਉਂਕਿ ਸਾਡੀ ਗੌਰਮਿੰਟ ਦੀ ਪਾਲਸੀ ਹੈ ਕਿ ਜਿੱਥੇ ਵੀ ਕੋਈ ਆਪਣਾ ਹੱਕ ਮੰਗਦਾ ਹੈ। ਉਸ ਨੂੰ ਦੇਸ਼ ਦਾ ਗਦਾਰ ਦੱਸਿਆ ਜਾਂਦਾ ਹੈ। ਪਰ ਇਹ ਟੈਕਸਾਂ 12% ਦੇ ਹਿਸਾਬ ਨਾਲ ਫੌਜ ਵਿਚ ਸਾਡੀ (ਸੀ. ਐਸ. ਡੀ. ਆਈ.) ਕੰਨਟੀਨ ਤੇ ਵੀ ਲਗਦਾ ਹੈ। ਬਾਕੀ ਸਿਵਲ ਚੀਜ਼ਾਂ ਦਾ ਤਾਂ ਕਹਿਣਾ ਹੀ ਕੀ ਹੈ। ਇਕ ਤਾਂ ਏਥੇ ਅਸੀਂ 35 0 ਕਿ: ਘਰ ਤੋਂ ਦੂਰ ਬੈਠੇ ਹਾਂ ਦੂਜਾ 12% ਟੈਕਸ ਦੇਂਦੇ ਹਾਂ। ਜਦੋਂ ਕਿ ਬਾਕੀ ਕਿਸੇ ਵੀ ਸਟੇਟ ਵਿਚ ਇਹ ਟੈਕਸ ਨਹੀਂ ਲਗਦਾ ਹੈ। ਇਹ ਸਾਡੇ ਨਾਲ ਸ਼ਰੇਆਮ ਧੱਕੇਸ਼ਾਹੀ ਹੋ ਰਹੀ ਹੈ ਕਿਉਂਕਿ ਮਜ਼ਬੂਰੀ ਮਨੁੱਖ ਦੀ ਸੱਭ ਤੋਂ ਵੱਡੀ ਦੁਸ਼ਮਣ ਹੈ।

**ਇਕ ਪੰਜਾਬੀ ਫੌਜੀ**

## ਲੋਕ ਪੱਖੀ ਜਥੇਬੰਦੀ ਦੇ ਸੰਦਰਭ ਵਿਚ

ਧਰਮ ਦਾ ਜੰਨੂਨ, ਫਿਰਕਾਪ੍ਰਸਤੀ ਅਤੇ ਜ਼ਾਤਪਾਤ ਦੇ ਵਖਰੇਵੇਂ ਪੰਜਾਬ ਵਿਚ ਜਮਹੂਰੀ ਲਹਿਰ ਨੂੰ ਇਕ ਵਡੀ ਚਣੌਤੀ ਹਨ। ਉਹਨਾਂ ਨੂੰ ਜੜ੍ਹ ਰੂਪ ਵਿਚ ਸਮਝਕੇ, ਲੋਕਾਂ ਦੀ ਚੇਤਨਤਾ ਨੂੰ ਮੁੱਖ ਰੱਖ ਕੇ ਇਕ ਸਾਂਵੀ ਸੋਚ ਬਣਾ ਕੇ ਅਮਲ ਦੀ ਲੋੜ ਹੈ। ਇਸ ਵਿਸ਼ੇ ਤੇ ਹੁਣ ਵਿਚਾਰ ਇਥੇ ਦਿਤੇ ਜਾ ਰਹੇ ਹਨ। ਹੋਰ ਵੀ ਵਿਚਾਰਾਂ ਨੂੰ ਜੀ ਆਇਆਂ ਆਖਿਆ ਜਾਏਗਾ।

**ਸੰਪਾਦਕ**

## ਸਿੱਖ ਮੱਤ ਬਾਰੇ

ਸਮਤਾ ਅਪ੍ਰੈਲ 1983 ਵਿੱਚ ਲੋਕ ਪੱਖੀ ਪਾਰਟੀ ਦੇ ਮੈਨੀਫੈਸਟੋ ਤੇ ਰਣਧੀਰ ਗਿੱਲਪੱਤੀ ਨੇ ਕਿੰਤੂ ਕਰਦਿਆਂ ਲਿਖਿਆ ਹੈ, 'ਹਰ ਧਰਮ ਭਾਵੇਂ ਉਹ ਕਿਸੇ ਸਮੇਂ ਅਗਾਂਹ ਵਧੂ ਰੋਲ ਨਿਭਾ ਗਿਆ ਹੋਵੇ ਜਿਵੇਂ (ਸਿੱਖ ਧਰਮ) ਅੰਤਮ ਰੂਪ ਵਿੱਚ ਲੁਟੇਰੀ ਜਮਾਤ ਦੀ ਲੁੱਟ ਕਾਇਮ ਰੱਖਣ ਵਾਲਾ, ਉਸਦਾ ਅਤੀ ਲੋੜੀਂਦਾ ਹਥਿਆਰ ਹੋ ਨਿਬੜਦਾ ਹੈ।'

ਸੰਸਾਰ ਧਰਮਾਂ ਬਾਰੇ ਤੇ ਖਾਸ ਕਰ ਕੇ ਸਿੱਖ ਧਰਮ ਬਾਰੇ ਵੀ ਪੰਜਾਬ ਦੇ ਜਾਂ ਆਮ ਕਾਮਰੇਡਾਂ ਦਾ ਇਹੋ ਜਿਹਾ ਹੀ ਵਿਚਾਰ ਹੈ। ਜਿਸ ਸੰਬੰਧ ਵਿੱਚ ਮੈਂ ਕੁੱਝ ਨੁਕਤੇ ਉਠਾਉਣਾ ਚਾਹੁੰਦਾ ਹਾਂ।

ਸਾਨੂੰ ਸਮਝ ਜਾਣਾ ਚਾਹੀਦਾ ਹੈ ਕਿ ਭਾਰਤ ਦਾ ਸੱਭਿਆਚਾਰ ਹੀ ਧਰਮ ਹੈ। ਆਤਮਾ ਪ੍ਰਮਾਤਮਾ, ਕਰਮ-ਕਾਂਡ, ਪੂਰਬ ਜਨਮ ਕਿਸਮਤ ਇਸਦੇ ਮੁੱਖ ਪਹਿਲੂ ਹਨ। ਇਸ ਦੇਸ਼ ਵਿੱਚ ਧਰਮ ਦੇ ਨਾਂ ਤੇ ਅਨੇਕ ਅਤਿਕਥਨੀਆਂ ਆਮ ਵਾਰੀ ਵਾਪਰੀਆਂ ਅਤੇ ਅਜੇ ਵਾਪਰਦੀਆਂ ਰਹਿਣ-ਗੀਆਂ। ਇਸ ਦੇਸ਼ ਦਾ ਹਰ ਬੰਦਾ ਕਿਸੇ ਨਾ ਕਿਸੇ ਰੂਪ ਵਿੱਚ ਧਰਮ ਨਾਲ ਜੁੜਿਆ ਤੁਰਿਆ ਜਾ ਰਿਹਾ ਹੈ। ਜਿਵੇਂ ਇਨਕਲਾਬ ਲਈ, ਆਰਥਕ ਆਧਾਰ ਮੰਨਿਆ ਗਿਆ, ਆਰਥਕਤਾ ਨੂੰ ਲੈ ਕੇ ਪੈਦਾਵਾਰ, ਪੈਦਾਵਾਰੀ ਸ਼ਕਤੀਆਂ ਤੇ ਪੈਦਾਵਾਰ ਦੀ ਵੰਡ ਤੋਂ ਇਨਕਲਾਬ ਦੀ ਨੀਂਹ ਬੱਝਦੀ ਹੈ ਤੇ ਇਹੋ ਇਕ ਮੁੱਖ ਅਤੇ ਅਹਿਮ ਨੁਕਤਾ ਹੈ। ਉਸੇ ਤਰ੍ਹਾਂ ਭਾਰਤ ਵਿੱਚ ਧਰਮ ਇੱਕ ਅਹਿਮ ਤੇ ਪਰਮ ਨੁੱਕਤਾ ਹੈ। ਹਿੰਦੂ ਧਰਮ ਜੋ ਜਾਤ ਪਾਤੀ ਸੱਭਿਆ-ਚਾਰ ਦਾ ਦੂਜਾ ਨਾਂ ਹੈ; ਨੇ ਹਜ਼ਾਰਾਂ ਸਾਲਾਂ ਤੋਂ ਆਪਣਾ ਤੰਦੂਆ ਜਾਲ ਟੁੱਟਣ ਨਹੀਂ ਦਿੱਤਾ ਜਿਸ ਸੱਭਿਆਚਾਰ ਦੇ ਸ਼ਿਕਾਰ ਏਥੋਂ ਦੇ ਤਕਰੀਬਨ ਸਾਰੇ ਕਾਮਰੇਡ ਹਨ। ਇਸ ਤੋਂ ਤੰਗ ਆ ਕੇ ਇਸਦੇ ਵਿਰੁੱਧ ਬੁੱਧ 'ਧਰਮ' ਨੇ ਕ੍ਰਾਂਤੀ ਕੀਤੀ। ਬੁੱਧ ਮੱਤ ਆਤਮਾਂ ਪ੍ਰਮਾਤਮਾਂ, ਕਰਮਕਾਂਡ, ਕਿਸਮਤ, ਪੂਰਬਲੇ ਜਨਮ, ਚੌਰਾਸੀ ਲੱਖ ਜੂਨ ਜਾਂ ਦੇਵੀ ਦੇਵਤਿਆਂ ਦੇ ਹੜ੍ਹ ਵਿੱਚ ਕੋਈ ਵਿਸ਼ਵਾਸ ਨਹੀਂ ਕਰਦਾ। ਉਸ ਨੇ ਇਸ ਧਰਤੀ ਦੇ ਇਨਸਾਨਾਂ ਨੂੰ ਤੇ ਉਹਨਾਂ ਵਲੋਂ ਕੀਤੇ ਜਾਂਦੇ ਕਰਮਾਂ ਨੂੰ ਲੈ ਕੇ ਹੀ ਨਵੀਂ ਚੇਤਨਾ ਦਿੱਤੀ। ਤੇ ਜਾਤਪਾਤੀ ਸੱਭਿਆਚਾਰ ਨੂੰ ਜੜ੍ਹੋਂ ਉਖੇੜਨ ਦਾ ਤਕੜਾ ਹੰਭਲਾ ਮ ਰਿਆ। ਪਰੰਤੂ ਬ੍ਰਾਹਮਣ ਨੇ ਬੜੀ ਸੋਚੀ ਸਮਝੀ ਚਾਲ ਨਾਲ ਬੁੱਧ ਨੂੰ ਇਨਸਾਨ ਤੋਂ ਵਿਸ਼ਨੂੰ ਦਾ ਅਵਤਾਰ' ਬੁੱਧ ਦੇ ਹੀ ਪੈਰੋਕਾਰਾਂ ਤੋਂ ਅਖਵਾ ਲਿਆ। ਇਸ ਤਰ੍ਹਾਂ ਬੁੱਧਮੱਤ ਮਨੁੱਖੀ ਵਰਤਾਰਾ ਹੁੰਦਾ ਹੋਇਆ ਵੀ ਹਿੰਦੂ ਧਰਮ ਦਾ ਬਲੀ ਦਾ ਬੱਕਰਾ ਬਣ ਗਿਆ। ਤੇ ਹਿੰਦੂਆਂ ਨੇ ਇਸ ਮੱਤ ਨੂੰ ਦੇਸ਼ੋਂ ਬਾਹਰ ਵਗਾਹ ਮਾਰਿਆ। 'ਤੇ ਇਸ ਨੂੰ ਵੀ ਧਰਮ ਬਣਾਕੇ ਮਲੀਆ ਮੇਟ ਕਰ ਦਿੱਤਾ। ਮੁਸਲਮਾਨੀ ਸਲਤਨਤ ਨੇ, ਮੁਸਲਮ ਧਰਮ ਦੇ ਨਾਂ 'ਤੇ ਹਿੰਦੂ ਧਰਮ ਨੂੰ ਉਖਾੜਨ ਦਾ ਯਤਨ ਕੀਤਾ। ਹਿੰਦੂਆਂ ਉੱਪਰ ਅਤਿਆਚਾਰ ਕੀਤੇ, ਪਰ ਬ੍ਰਾਹਮਣਾਂ ਨੇ ਮੁਗਲ ਸ਼ਹਿਨਸ਼ਾਹਾਂ ਨਾਲ ਰਿਸ਼ਤੇ ਗੰਢ ਕੇ ਹਿੰਦੂ ਧਰਮ ਬਚਾ ਲਿਆ। ਮੁਗਲਾਂ ਦੇ ਅਤਿਆਚਾਰਾ 'ਚੋਂ ਅਤੇ ਹਿੰਦੂ ਪੁਣੇ ਦੇ ਜਾਤਪਾਤੀ ਵਹਿਸ਼ੀ ਕਲਚਰ ਵਿਚੋਂ ਜਨਮ ਲਿਆ ਸਿੱਖ ਮੱਤ ਨੇ। ਵੱਡੀ ਕਰਾਂਤੀ ਕਰਨ ਦੇ ਬਾਅਦ, ਵੱਡੀਆਂ ਤੇ ਲਾਸਾਨੀ ਕੁਰਬਾਨੀਆਂ ਕਰਨ ਦੇ ਬਾਵਜੂਦ ਵੀ ਇਹ ਹਿੰਦੂ ਕਲਚਰ ਦੇ ਢਹੇ ਚੜ੍ਹ ਗਿਆ।

ਦੋਸਤੋ, ਅਸੀਂ ਸਿੱਖੀ ਦੀ ਵਿਆਖਿਆ ਕਰਨ ਵੇਲੇ ਗਲਤੀ ਕਰਦੇ ਹਾਂ। ਸਿੱਖ ਧਰਮ ਨਹੀਂ ਸੀ ਸਿੱਖ ਮੱਤ ਸੀ, 'ਇੱਕ ਸਿਧਾਂਤ ਹੈ, ਇਕ ਫਲਸਫਾ ਹੈ, ਜਿਸਦਾ ਮੈਨੀਫੈਸਟੋ ਸਰਬੱਤ ਦੀ ਆਜ਼ਾਦੀ ਹੈ। ਜਿਸ ਨੇ ਕੁਰਬਾਨੀਆਂ ਕਰਕੇ, ਤਲਵਾਰ ਉਠਾ ਕੇ ਕਰਾਂਤੀ ਲਿਆਂਦੀ। ਮਾਲਾ ਫੜ ਕੇ ਨਹੀਂ। ਪੂਰਨ ਮਨੁੱਖ ਹੋ ਕੇ, ਗੁਰਮੁਖ ਦੇ ਰੂਪ ਵਿੱਚ ਮਾਇਆ ਦੀ ਸਟੇਟ ਦੇ ਖਿਲਾਫ਼ ਹਿੰਦੂ ਧਰਮ ਦੇ ਜਾਤਪਾਤੀ ਸੱਭਿਆਚਾਰ ਦੇ ਖਿਲਾਫ਼ ਇੱਕ ਜਹਾਦ ਖੜਾ ਕੀਤਾ। ਹਰ ਮਨੁੱਖ ਨੂੰ ਬਰਾਬਰੀ ਦਾ ਦਰਜਾ ਦੇ ਕੇ ਇਕ ਲੜੀ 'ਚ ਪਰੋਕੇ, ਮਾਇਆ ਦੀਆਂ ਸਰਮਾਏ ਦੀਆਂ; ਉਚ ਨੀਚ ਦੀਆਂ ਸਾਰੀਆਂ ਕੁਰੀਤੀਆਂ ਢਾਹ ਢੇਰੀ ਕਰ ਕੇ ਸਾਂਝੀਵਾਲਤਾ ਨੂੰ ਅਸਲ 'ਚ ਲਿਆਕੇ, ਗੁਰਮਖ ਬੰਦਿਆਂ ਦਾ ਪੰਚਾਇਤੀ ਰਾਜ ਕਾਇਮ ਕੀਤਾ।

ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਸ ਦੇ ਜਗੀਰੂ ਰੁਚੀਆਂ ਵਾਲੇ ਕਾਬਜ਼ ਹੋ ਗਏ ਬੰਦਿਆਂ ਨੇ ਇਸ ਵਿਗਿਆਨਕ ਮੱਤ ਨੂੰ ਧਰਮ ਬਣਾ ਕੇ ਪੂਜਾ ਦੀ ਮੂਰਤ ਬਣਾਕੇ, ਫੇਰ ਹਿੰਦੂ ਜਾਤਪਾਤੀ ਸੱਭਿਆਚਾਰਕ ਬਣਤਰ ਚੁੰ ਟੱਟੇ ਪਾ ਦਿੱਤਾ। ਉਹ ਮੱਤ ਜਿਸ ਨੂੰ ਅਤੁਲ ਪਿਆਰੇ ਸਨ ਸ਼ਕਲਾਂ ਨਹੀਂ।

ਉਹ ਅੱਜ ਦਿਖਾਵੇ ਦਾ ਵਰਤਾਰਾ ਬਣਕੇ ਰਹਿ ਗਿਆ ਹੈ। ਗੁਰਬਾਣੀ ਦੇ ਗੁਰਮੁਖੀ ਅਸੂਲਾਂ ਦੀ ਕਿਸਨੂੰ ਪਰਵਾਹ ਹੈ। ਮਸਲਾ ਤਾਂ ਧਰਮ ਦੇ ਹਥਿਆਰ ਰਾਹੀਂ ਸਟੇਟ ਤੇ ਕਬਜ਼ੇ ਦਾ ਹੈ।

ਜੇ ਇਹ ਸਭ ਕੁੱਝ ਵਾਪਰਿਆ ਹੈ ਤਾਂ ਕੀ ਕਸੂਰ ਸਿੱਖ ਮੱਤ ਦਾ ਹੈ ? ਜਿਸ ਨੂੰ ਅੰਤ ਲੁਟੇਰੀ ਜਮਾਤ ਦੀ ਲੁੱਟ ਕਾਇਮ ਰੱਖਣ ਵਾਲਾ ਹਥਿਆਰ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ। ਨਹੀਂ। ਕਸੂਰ ਸਾਡਾ ਹੈ ਚਿੰਤਕਾਂ ਦਾ ਜਿਨ੍ਹਾਂ ਨੇ ਧਰਮ ਸ਼ਬਦ ਨਾਲ ਨਫਰਤ ਕਾਰਨ, ਆਪਣੇ ਅਮੀਰ ਵਿਰਸੇ ਦੀ ਗਲਤ ਵਿਆਖਿਆ ਕੀਤੀ। ਅਤੇ ਲੋਕਾਂ ਨਾਲੋਂ ਟੁੱਟ ਕੇ ਵਾਰ ਵਾਰ ਮੂਧੇ ਮੂੰਹ ਡਿੱਗੇ। ਅਜੇ ਚਾਰਾਂ ਦਿਨਾਂ ਦੀ ਗੱਲ ਹੈ ਕਿ ਜਦੋਂ ਅਕਾਲੀਆਂ ਨੇ ਉਸੇ ਧਰਮ ਦੇ ਨਾਤੇ ਰਸਤਾ ਰੋਕੂ ਅੰਦੋਲਨ ਚਲਾਇਆ ਤੇ 101 ਫ਼ੀ ਸਦੀ ਕਾਮਯਾਬ ਰਹੇ। ਤੇ ਅਸੀਂ ਕਲਚਰ ਦੇ ਇਸ ਵਿਸ਼ੇਸ਼ ਪੱਖ ਨੂੰ ਨਫਰਤ ਦੀ ਕੋੜੀ ਨਜ਼ਰ ਨਾਲ ਵੇਖਦਿਆਂ ਅੱਗੇ ਲੰਘ ਜਾਂਦੇ ਹਾਂ। ਤੇ 40 ਸਾਲਾਂ ਤੋਂ ਖਾਲੀ ਹੱਥ ਭਰਾਵਾਂ ਨਾਲ ਜੰਡੋ-ਜੰਡੀ ਹੁੰਦੇ ਭਟਕਦੇ ਫਿਰ ਰਹੇ ਹਾਂ। ਮਸਲਾ ਤਾਂ ਇਨਸਾਨ ਬਣਕੇ, ਮਜ਼ਲੂਮਾਂ ਦੀ ਰਾਖੀ ਕਰਨ ਲਈ, ਅਭਾਈਚਾਰਾ ਤੇ ਕਾਣੀ ਵੰਡ ਖਤਮ ਕਰਨ ਲਈ, ਤਲਵਾਰ ਚੁੱਕਣ ਤੇ ਕੁਰਬਾਨੀ ਕਰਨ ਦਾ ਹੈ। ਸਰਬੱਤ ਦੀ ਅਜ਼ਾਦੀ ਦਾ ਝੰਡਾ ਲਹਿਰਾ-ਉਣ ਦਾ ਹੈ। ਪਰ ਅਸੀਂ ਧਰਮ ਨੂੰ ਜੋ ਭਾਰਤੀ ਸੱਭਿਆ-ਚਾਰ ਹੈ ਅੱਖੋਂ ਪਰੋਖੇ ਕਰਦੇ ਜਾ ਰਹੇ ਹਾਂ। ਇਸ ਦੇ ਗਹਿਰੇ ਅਸ਼ਰ ਨੂੰ ਜਾਂ ਤਾਂ ਕਬੂਲ ਨਹੀਂ ਕਰਦੇ ਤੇ ਜਾਂ ਵਿਆਖਿਆ ਹੀ ਗਲਤ ਕਰ ਜਾਂਦੇ ਹਾਂ।

ਸਿੱਖ ਮੱਤ ਦੀਆਂ ਕੁਝ ਉਦਾਹਰਨਾਂ ਹਾਜ਼ਰ ਹਨ ਜੋ ਧਰਮ ਦੀ ਆੜ 'ਚ ਲੋਕਾਂ ਨੂੰ ਧਰਮ ਦੇ ਅੰਧ ਜਾਲ ਵਿਚੋਂ ਕੱਢ ਲਿਆਈਆਂ ਸਨ।

1. ਗੁਰੂ ਨਾਨਕ ਹਰ ਦੁਆਰ ਗਏ। ਕਿਉਂਕਿ ਪੰਡੇ ਉਥੇ ਪਿੱਤਰਾਂ ਨੂੰ ਪਾਣੀ ਦੇ ਰਹੇ ਸਨ। ਗੁਰੂ ਨੇ ਪਾਣੀ ਪੁੱਠੇ ਪਾਸੇ ਸੁੱਟਣਾ ਸ਼ੁਰੂ ਕਰ ਦਿੱਤਾ। ਧਰਮ ਦੇ ਇਕੋ ਸਥਾਨ ਤੇ ਠੀਕ ਅਤੇ ਗਲਤ ਵਿਚਾਰਧਾਰਾ ਦਾ ਟਾਕਰਾ ਹੋਇਆ ਤੇ ਸਚਾਈ ਦੀ ਜਿੱਤ ਹੋਈ।

2. ਗੁਰੂ ਸਾਹਿਬਾਂ ਨੇ ਅੰਮ੍ਰਿਤਸਰ ਦਰਬਾਰ ਸਾਹਿਬ ਨੂੰ ਸਿੱਖੀ ਦਾ ਕੇਂਦਰ ਥਾਪਿਆ। ਤੇ ਇਹ ਵੀ ਲਿਖਿਆ ਕਿ ਅਠਸਟ ਤੀਰਥ ਨਹਾਇਆਂ ਪਾਪ ਨਹੀਂ ਉਤਰਨ ਲੱਗੇ ਜੇ ਹਿਰਦਾ ਹੀ ਪੁੱਠੇ ਰਾਹ ਲੱਗਿਆ ਹੋਇਆ ਹੈ। ਪ੍ਰੰਤੂ ਸੰਸਕਾਰਾਂ ਵਿੱਚ ਗਰੱਸੇ ਲੋਕਾਂ ਦਾ ਧਿਆਨ ਆਪਣੇ ਵੱਲ ਕੇਂਦਰਤ ਕਰਨ ਲਈ ਉਹਨਾਂ ਨੇ ਗੁਰਧਾਮ ਦੇ ਆਸ ਪਾਸ ਸਰੋਵਰ ਬਣਾਇਆ। ਕਿਉਂਕਿ ਉਹਨਾਂ ਨੇ ਲੋਕਾਂ ਦੇ ਅੰਧ ਵਿਸ਼ਵਾਸਾਂ ਦਾ ਸ਼ੋਸ਼ਨ ਕਰਕੇ ਹੀ ਉਹਨਾਂ ਦਰੁਸਤ ਰਾਹ ਤੇ ਲਿਆਉਣਾ ਸੀ।

3. ਗੁਰੂ ਨਾਨਕ ਨੂੰ ਜਨੇਊ ਪਾਉਣ ਲਈ ਪਾਂਡਾ ਆਇਆ। ਹਿੰਦੂ ਧਰਮ ਅਨੁਸਾਰ ਕਪਾਹ ਦੇ ਸੂਤ ਦੇ ਧਾਗਿਆਂ ਨੂੰ ਗੰਢਾਂ ਦੇ ਕੇ, ਕੰਨ 'ਚ ਸਿੱਖਿਆ ਦੇ ਕੇ, ਗੁਰੂ ਬ੍ਰਾਹਮਣ ਨੂੰ ਮੰਨ ਕੇ ਜਨੇਊ ਗਲ ਪਾਉਣਾ ਜ਼ਰੂਰੀ ਹੈ। ਪਰ ਗੁਰੂ ਸਾਹਿਬ ਨੇ ਉਸੇ ਰਸਮ ਤੇ ਕਿੰਤੂ ਕਰਦਿਆਂ, ਉਸ ਦੇ ਬਰਾਬਰ ਸਿਧਾਂਤਕ ਜਨੇਊਦੀ ਵਿਆਖਿਆ ਕੀਤੀ। ਦਇਆ, ਸੰਤੋਖ, ਜਤ ਅਤੇ ਸੱਚ ਦੇ ਗੁਣਾਂ ਨਾਲ ਭਰਭੂਰ ਮਨ ਨੂੰ ਜਨੇਊ ਕਿਹਾ। ਕੀ ਤੁਸੀਂ ਮਨੁੱਖੀ ਦਇਆ 'ਚ, ਲੋਭ ਲਾਲਚ ਤੋਂ ਸੰਤੋਖ 'ਚ, ਜਤੀ ਭਾਵ ਨੈਤਿਕ ਆਦਮੀ ਰਹਿਣ 'ਚ ਅਤੇ ਸੁੱਚੇ ਅਤੇ ਸੱਚੇ ਇਨਸਾਨ ਹੋਣ 'ਚ ਵਿਸ਼ਵਾਸ ਨਹੀਂ ਰੱਖਦੇ ?

4. ਦਸਵੇਂ ਗੁਰੂ ਨੇ ਤਲਵਾਰ ਚੁੱਕੀ। ਮੁਗਲਾਂ ਦੇ ਜ਼ੁਲਮ ਨਾਲ ਟਾਕਰਾ ਸ਼ੁਰੂ ਕੀਤਾ। ਪਰ ਤਲਵਾਰ ਦੇ ਨਾਲ ਲੋਕਾਂ ਨੂੰ ਨਾਲ ਜੋੜੀ ਰੱਖਣ ਲਈ ਮਾਲਾ ਦੀ ਵਰਤੋਂ ਵੀ ਕੀਤੀ। ਸੰਤ ਵੀ ਅਖਵਾਇਆ ਤੇ ਸਿਪਾਹੀ ਵੀ! ਲੋਕਾਂ ਨੂੰ ਤਲਵਾਰ ਚੁਕਾਉਣ ਲਈ ਮਾਲਾ ਇੱਕ ਦਿਖਾਵਾ ਮਾਤਰ ਪ੍ਰਯੋਗ ਸੀ।

ਫੇਰ ਗੁਰੂ ਸਾਹਿਬ ਨੇ ਮਨੁੱਖੀ ਹਿੱਤਾਂ ਲਈ, ਮਜ਼ਲੂਮਾਂ ਦੀ ਰੱਖਿਆ ਲਈ, ਜ਼ੁਲਮ ਤੇ ਜਾਤ ਪਾਤੀ ਵਹਿਸ਼ੀ ਪੁਣੇ ਨੂੰ ਖ਼ਤਮ ਕਰਨ ਲਈ, ਸਰਬੱਤ ਦੇ ਭਲੇ ਲਈ, ਸਾਂਝੀਵਾਲਤਾ ਲਈ ਦ੍ਰਿੜ੍ਹ ਸੰਕਲਪ ਤਾਂ ਕਰ ਹੀ ਲਿਆ ਸੀ ਪ੍ਰੰਤੂ ਲੋਕਾਂ ਨੂੰ ਜੋ ਲਤਾੜੇ ਹੋਏ ਸਨ, ਨਾਲ ਲਾ ਕੇ ਸੰਘਰਸ਼ ਛੇੜਨ ਲਈ ਵਰ ਮੰਗਿਆ ਕਿ ਹੇ ਸ਼ਿਵਾ ਮੈਨੂੰ ਵਰ ਦੇਹ ਕਿ ਮੈਂ ਸ਼ੁਭ ਕਰਮਾਂ ਤੋਂ ਕਦੇ ਵੀ ਨਾ ਟਲਾਂ। ਤੇ ਮੈਂ ਆਪਣੇ ਦੱਬੇ ਕੁਚਲੇ ਲੋਕਾਂ ਵਾਂਗ ਹੀ ਘਾਹ ਫੂਸ ਦੇ ਵਿਛਾਉਣਿਆਂ ਨੂੰ ਮਖਮਲੀ ਬਿਸਤਰ ਸਮਝ ਸਕਾਂ।

ਇਹੋ ਜਿਹੀਆਂ ਸੈਂਕੜੇ ਉਦਾਹਰਣਾਂ ਨਾਲ ਸਿੱਖੀ ਦਾ ਇਤਿਹਾਸ ਭਰਿਆ ਪਿਆ ਹੈ।

ਮੇਰਾ ਭਾਵ ਹੈ ਕਿ ਗੁਰੂਆਂ ਨੇ ਧਾਰਮਿਕ ਸੰਸਕਾਰਾਂ ਨੂੰ ਵਰਤਦਿਆਂ ਹੀ ਲੋਕਾਂ ਨੂੰ ਧਰਮ ਦੇ ਜੰਜਾਲ ਵਿੱਚੋਂ ਕੱਢ ਲਿਆਉਣ ਦਾ ਹਰ ਯਤਨ ਕੀਤਾ। ਤੇ ਇੰਜ ਇੱਕ ਵੱਡੀ ਕਰਾਂਤੀ ਕੀਤੀ। ਅਤੇ ਸਰਬੱਤ ਦੀ

ਭਲੇ ਵਾਲੀ ਅਜ਼ਾਦੀ ਦਾ ਰਾਹ ਖੋਲ੍ਹਿਆ ਜੋ ਸੁੱਚੀ ਕਿਰਤ ਉੱਪਰ ਅਧਾਰਤ ਸੀ। ਇਹ ਸੀ ਉਹ ਸਿੱਖ ਮੱਤ ਜੋ ਅੱਜ ਵੀ ਮੁਕੰਮਲ ਰੂਪ ਵਿਚੋਂ ਸਾਡੇ ਪਾਸ ਮੌਜੂਦ ਹੈ।

ਜੇ ਅਸੀਂ ਉਸ ਕਰਾਂਤੀ ਨੂੰ ਸਾਭ ਨਹੀਂ ਸਕੇ ਤੇ ਸਮਝ ਨਹੀਂ ਬਣਾ ਸਕੇ ਤਾਂ ਇਹ ਕਹਿਣਾ ਕਿਵੇਂ ਵੀ ਠੀਕ ਨਹੀਂ ਕਿ ਇਹ ਵਿਗਿਆਨਕ ਮੱਤ ਵੀ ਲੁੱਟ ਨੂੰ ਕਾਇਮ ਰੱਖਣ ਦਾ ਹੀ ਇਕ ਹਥਿਆਰ ਸੀ ਜਾਂ ਹੈ। ਇਸ ਦਾ ਮੂਲ ਮੰਤਵ ਇਸ ਸਮਾਜਿਕ ਜਜ਼ਬਾ ਸਰਬੱਤ ਦੇ ਭਲੇ ਵਾਲਾ ਹੀ ਹੈ। ਪਰ ਹਿੰਦੂ ਜਾਤ ਪਾਤੀ ਕਲਚਰ ਨੇ ਤੇ ਸਾਡੀ ਆਪਣੇ ਨਰੋਏ ਵਿਰਸੇ ਵਾਰੇ ਪੁੱਠੀ ਚਾਲ ਨੇ ਹੀ ਸਾਨੂੰ ਲੋਕਾਂ ਨਾਲੋਂ ਵਿਯੋਗਿਆ ਹੋਇਆ ਹੈ। ਜੇ ਆਪਣੇ ਇਤਿਹਾਸ ਦੇ ਚਾਲੀ ਸਾਲਾਂ ਵਿੱਚ ਅਸੀਂ ਇਹ ਗੱਲ ਸਮਝ ਨਹੀਂ ਸਕੇ ਤਾਂ ਉਮੀਦਾਂ ਲਾਹ ਦਿਉ ਕਿ ਯੁੱਗ ਪਲਟੇਗਾ। ਕਸੂਰ ਸਿੱਖ ਮੱਤ ਦਾ ਨਹੀਂ, ਇਸ ਧਾਰਮਿਕ ਵਲਗਣ ਦਾ ਹੈ ਜਾਂ ਹਿੰਦੂ ਜਾਤਪਾਤੀ ਸੱਭਿਆਚਾਰ ਦੇ ਘੜੇ ਜੱਟ ਵਾਦ ਦਾ ਹੈ ਜਿਸ ਨੇ ਲਹਿਰ ਨੂੰ ਧਾਰਮਿਕ ਰੰਗਣ ਦੇ ਕੇ ਜਗੀਰੂ ਹੱਥਾ ਦੀ ਕਠ ਪੁਤਲੀ ਬਣਾ ਧਰਿਆ ਹੈ। ਕੋਈ ਮੱਤ ਚਾਹੇ ਉਹ ਕਿੱਡਾ ਵੀ ਵਿਗਿਆਨਕ ਤੇ ਸਮਾਜਕ ਕਿਉਂ ਨਾ ਹੋਵੇ, ਜਦੋਂ ਉਹ ਝੂਠੇ ਦਿਖਾਵਾ ਮਾਤਰ ਸੰਸਕਾਰਾਂ ਦੀ ਵਲਗਣ ਵਿੱਚ ਆ ਜਾਂਦਾ ਹੈ ਤਾਂ ਲੋਕ ਆਪਣੀ ਮਨੁੱਖੀ ਹਸਤੀ ਭੁਲ ਕੇ ਅੰਧ ਵਿਸ਼ਵਾਸ਼ੀ ਦੀ ਚਾਰ ਦੀਵਾਰੀ ਵਿਚੋਂ ਘਿਰ ਜਾਂਦੇ ਹਨ। ਇੰਜ ਕਿਸੇ ਸਮੇਂ ਦਾ ਵਿਗਿਆਨਕ ਫਲਸਫਾ ਵੀ ਧਰਮ ਬਣ ਕੇ ਲੋਕਾਂ ਨੂੰ ਜੋਕ ਬਣ ਕੇ ਚੁੰਬੜ ਜਾਂਦਾ ਹੈ। ਤੇ ਫਿਰ ਛੇਤੀ ਕੀਤਿਆਂ ਖਹਿੜਾ ਨਹੀਂ ਛੁੱਟਦਾ। ਤਾਂ ਖਹਿੜਾ ਛਡਾਉਣ ਲਈ, ਉਸ ਸਮੇਂ ਦੇ ਪ੍ਰਸੰਗਾਂ ਵਿੱਚ ਆਪਣੇ ਫਲਸਫੇ ਨੂੰ ਬੰਦ ਪਏ ਦਿਮਾਗਾਂ ਦੇ ਬੂਹਿਆਂ ਤੱਕ ਲਿਜਾਣਾ ਪਏਗਾ। ਨਹੀਂ ਲਿਜਾਵਾਂਗੇ ਤਾਂ ਕਿਸੇ ਪ੍ਰਾਪਤੀ ਦੀ ਆਸ ਮੂਰਖਤਾ ਹੀ ਹੋਵੇਗੀ।

ਗੁਰੂ ਇਹ ਜਾਣਦੇ ਸਨ ਕਿ ਤਲਵਾਰ ਉਠਾਏ ਬਿਨਾਂ, ਕੁਰਬਾਨੀਆਂ ਕੀਤੇ ਬਿਨਾਂ ਨਾ ਕੋਈ ਹੱਕ ਦਿੰਦਾ ਹੈ ਨਾ ਕਿਸੇ ਦੇਣੇ ਹਨ। ਤੇ ਨਾ ਜ਼ੁਲਮ ਦਾ ਮੂੰਹ ਮੋੜਿਆ ਜਾਣਾ ਹੈ। ਪਰ ਲੋਕਾਂ ਦਾ ਕਾਫਲਾ ਇਸ ਰਾਹੇ ਪਾਉਣ ਲਈ ਉਹਨਾਂ ਚੰਡੀ ਦੀ ਉਪਾਸ਼ਨਾਂ ਦਾ ਨਾਟਕ ਰਚਿਆ ਤੇ ਚੰਡੀ ਦੀਆਂ ਵਾਰਾਂ ਗਾਈਆਂ ਲਿਖੀਆਂ। ਕਿਉਂ ਕਿ ਉਹ ਜਾਣਦੇ ਸਨ ਕਿ ਲੋਕਾਂ ਦੇ ਦੈਵੀ ਸ਼ਕਤੀਆਂ ਦੇ ਵਿਸ਼ਵਾਸ਼ ਨੂੰ ਏਨੀ ਜਲਦੀ ਝੰਜੋੜਿਆ ਨਹੀਂ ਜਾ ਸਕਦਾ। ਸਭਿਆਚਾਰਕ ਸੰਸਕਾਰ ਮਾੜੀ ਕੀਤਿਆਂ ਗਲੋਂ ਨਹੀਂ ਲਹਿਆ ਕਰਦੇ। ਉਹਨਾਂ ਨੇ, ਉਹਨਾਂ ਲੋਕਾਂ ਦੇ ਧਾਰਮਕ ਵਿਸ਼ਵਾਸ਼ ਨੂੰ ਲੋਕਾਂ ਦੀ ਅਜ਼ਾਦੀ ਲਈ ਵਰਤਿਆ। ਕੀ ਇਹ ਸਭ ਕੁੱਝ ਗਲਤ ਹੈ ਜੋ ਉਹਨਾਂ ਕੀਤਾ ਤੇ ਵੱਡੀ ਕਰਾਂਤੀ ਕੀਤੀ ? ਜੇ ਇਹ ਗਲਤ ਹੈ ਤਾਂ ਲੈਨਨ ਨੇ ਕਿਉਂ ਕਿਹਾ ਕਿ ਮਜ਼ਦੂਰ ਜਮਾਤ ਦੇ ਹਿਤਾਂ ਲਈ ਮਜ਼ਦੂਰ ਦਾ ਸ਼ੋਸਨ ਕੀਤਾ ਜਾ ਸਕਦਾ ਹੈ।

ਇਕ ਪਾਸੇ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਮੈਂ ਤਾਂ ਪਰਮਪੁਰਖ ਦਾ ਦਾਸ ਹਾਂ ਜੋ ਜਗਤ ਦਾ ਤਮਾਸ਼ਾ ਵੇਖਣ ਆਇਆ ਹਾਂ। ਦੂਜੇ ਪਾਸੇ ਉਹ ਕਹਿੰਦੇ ਹਨ ਕਿ ਇਹਨਾਂ ਦੱਬੇ ਕਚਲੇ ਲੋਕਾਂ ਦੀ ਕਿਰਪਾ ਨਾਲ ਹੀ ਮੈਂ ਗੁਰੂ ਬਣਿਆਂ ਹਾਂ ਨਹੀਂ ਮੇਰੇ ਵਰਗੇ ਗਰੀਬ ਤਾਂ ਕਰੋੜਾਂ ਤੁਰੇ ਫਿਰਦੇ ਹਨ। ਉਹਨਾਂ ਇਹ ਵੀ ਕਿਹਾ ਕਿ ਜੋ ਮੈਨੂੰ ਪਰਮੇਸ਼ਰ ਕਹੂਗਾ ਉਹ ਨਰਕ ਕੁੰਡ ਵਿਚ ਪਵੇਗਾ। ਪਰ ਧਰਮ ਦੇ ਠੇਕੇਦਾਰ ਅਲੰਬਰਦਾਰ ਕਾਬਜ਼ ਲੋਕ ਉਸ ਇਨਸਾਨ ਨੂੰ ਰੱਬ ਕਰਕੇ ਪੂਜਦੇ ਹਨ ਤੇ ਏਸੇ ਧਾਰਮਕ ਰੰਗਣ ਹੇਠ ਉਹ ਲੋਕਾਂ ਨੂੰ ਮਗਰ ਲਾ ਕੇ ਸਟੇਟ ਤੇ ਕਾਬਜ਼ ਹਨ।

ਗੁਰਮੁਖ ਗੁਰਬਾਣੀ ਵਿੱਚ ਉਸ ਇਨਸਾਨ ਨੂੰ ਮੰਨਿਆ ਗਿਆ ਹੈ ਜਿਸ ਵਿੱਚ ਚੰਗੇ ਮਨੁੱਖ ਵਾਲੇ ਸਾਰੇ ਗੁਣ ਮੌਜੂਦ ਹਨ। ਉਹ ਸੱਚਾ ਤੇ ਸੁੱਚਾ ਹੈ। ਨਿਆਕਰਨ ਵਾਲਾ ਹੈ। ਮਜ਼ਲੂਮਾਂ ਦੀ ਤਲਵਾਰ ਨਾਲ ਰੱਖਿਆ ਕਰਨ ਵਾਲਾ ਹੈ। ਉਹ ਮਿੱਠਾ ਬੋਲਦਾ ਹੈ। ਉੱਚਾ ਹੋ ਕੇ ਵੀ ਨਿਮਰ ਰਹਿੰਦਾ ਹੈ। ਦਸਾਂ ਨੌਹਾਂ ਦੀ ਸੁੱਚੀ ਕਿਰਤ ਕਰਦਾ ਹੈ। ਵੰਡ ਕੇ ਖਾਂਦਾ ਹੈ। ਉਸ ਲਈ ਹਰ ਇਨਸਾਨ ਅਜ਼ਾਦ ਤੇ ਬਰਾਬਰ ਹੈ। ਉਸ ਲਈ ਊਚ-ਨੀਚ ਜਾਤ ਪਾਤ ਕੋਈ ਸ਼ੈਅ ਨਹੀਂ। ਉਹ ਪਾਪਾਂ ਨਾਲ ਮਾਇਆ ਇਕੱਠੀ ਨਹੀਂ ਕਰਦਾ। ਉਹ ਹਰ ਇੱਕ ਦੀ ਬਰਾਬਰ ਇੱਜ਼ਤ ਕਰਦਾ ਹੈ। ਉਸ ਦੇ ਅੰਦਰ ਦੂਜਿਆਂ ਨੂੰ ਗੁਲਾਮ ਰੱਖਣਦਾ ਹੰਕਾਰ ਨਹੀਂ। ਉਹ ਸਹੀ ਢੰਗ ਨਾਲ ਕਾਮ ਪੂਰਤੀ ਕਰਦਾ ਹੈ ਤੇ ਪ੍ਰਵਾਰਕ ਜੀਵਨ ਜਿਉਂਦਿਆਂ ਜ਼ਿੰਮੇਵਾਰੀਆਂ ਨਿਭਾਉਣਾ ਜਾਣਦਾ ਹੈ। ਜੋ ਕਿਸੇ ਨੂੰ ਨਾ ਡਰਾਉਂਦਾ ਹੈ ਤੇ ਨਾ ਆਪ ਡਰਦਾ ਹੈ। ਉਹ ਕਿਸੇ ਦਾ ਦੋਖੀ ਨਹੀਂ ਪਰ ਜ਼ੁਲਮ ਦੇ ਖਿਲਾਫ ਚੰਡੀ ਹੈ। ਜੋ ਆਪਣੀਆਂ ਜ਼ਰੂਰਤਾਂ ਤੋਂ ਵੱਧ ਪਦਾਰਥ ਦਾ ਲੋਭੀ ਨਹੀਂ। ਉਸ ਨੂੰ ਅਣਕਮਾਏ ਧਨ ਦਾ ਮੋਹ ਨਹੀਂ। ਜਿਸ ਨੂੰ ਮਾਨਸਕ ਸੰਤੁਸ਼ਟੀ ਹੈ। ਜਿਸ ਦੀ ਮਨ 'ਚ ਦਵੈਤ ਨਹੀਂ। ਤੇ ਉਹ ਸਦਾ ਪਰ ਉਪਕਾਰੀ ਅਤੇ ਗਿਆਨਵਾਨ ਜੀਵ ਹੈ ਜੋ ਸਿਰਫ਼ ਗੁਰੂ ਦੀ ਉੱਤਮ ਸਿੱਖਿਆ ਨੂੰ ਅਮਲੀ ਰੂਪ ਵਿੱਚ ਵਰਤਦਾ ਹੈ।

ਇਸ ਦੇ ਉਲਟ ਗੁਰਬਾਣੀ ਉਸ ਸਨਮੁਖ ਦੀ

ਵਿਆਖਿਆ ਕਰਦੀ ਹੈ ਜਿਸ ਵਿੱਚ, ਸਮਾਜਕ, ਧਾਰਮਿਕ, ਰਾਜਨੀਤਕ, ਗ਼ੈਰ ਮਨੁੱਖੀ ਸਾਰੀਆਂ ਕੁਰੀਤੀਆਂ ਹਨ ਜੋ ਸਮਾਜ ਨੂੰ ਬੁਰਜਵਾਲੀ, ਨਾਲ ਚਲਾਉਣਾ ਪਸੰਦ ਕਰਦਾ ਹੈ ਤੇ ਗੁਰਮੁਖ ਦੇ ਖਿਲਾਫ਼ ਜਹਾਦ ਖੜਾ ਕਰਦਾ ਹੈ ਜੋ ਅੱਤਿਆਚਾਰ ਦੀ ਹਰ ਹੱਦ ਵੱਧ ਜਾਂਦਾ ਹੈ।

ਕੀ ਉੱਪਰ ਲਿਖੇ ਅਨੁਸਾਰ ਗੁਰਮੁਖ ਹੋਣਾ ਧਰਮ ਹੈ ਕਿ ਇਨਸਾਨੀਅਤ ? ਕੀ ਮਨਮੁੱਖ ਸਮਾਜ ਦਾ ਮਿੱਤਰ ਹੈ ਜਾਂ ਦੁਸ਼ਮਣ ? ਜੇ ਗੁਰਮੁਖ ਸਹੀ ਹੈ ਤੇ ਹਰ ਇਨਸਾਨ ਨੂੰ ਅਜਿਹਾ ਹੋਣਾ ਚਾਹੀਦਾ ਹੈ ਤਾਂ ਕੀ ਸਿੱਖ ਮੱਤ ਲੁਟੇਰੀ ਸ਼੍ਰੇਣੀ ਦਾ ਪੈਰੂ ਹੈ ਜਾਂ ਸਮਾਜਵਾਦ ਦਾ ਭਾਈਵਾਲ ?

ਜਿਵੇਂ ਰਣਧੀਰ ਸਿੰਘ ਲਿਖਦੇ ਹਨ ਕਿ, 'ਅੱਜ ਦੇ ਸਮਾਜ ਦੀਆਂ ਸਾਰੀਆਂ ਬੁਰਾਈਆਂ ਦੀ ਜੜ੍ਹ ਸਮਾਜ ਦਾ ਜਮਾਤਾਂ (ਜਾਤਾਂ) ਵਿੱਚ ਵੰਡੇ ਹੋਣਾ ਹੈ। ਤੇ ਪੈਦਾਵਾਰੀ ਸਾਧਨ ਉੱਪਰ ਲੁਟੇਰੀ ਜਮਾਤ ਦਾ ਕਬਜ਼ਾ ਹੋਣਾ ਹੀ ਹੈ। ਪੈਸਾ ਤਾਂ ਲੁਟੇਰੀ ਜਮਾਤ ਦੇ ਹੱਥ ਵਿੱਚ ਇਕ ਤਾਕਤ ਹੈ। ਜੋ ਧੱਕੇ ਦਾ ਰਾਜ ਕਾਇਮ ਰੱਖਣ ਵਿੱਚ ਸਹਾਈ ਹੁੰਦਾ ਹੈ।'

ਸਤਰਾਂ ਅਨੁਸਾਰ ਸਮਾਜ ਦੀਆਂ ਬੁਰਾਈਆਂ ਵਰਤਮਾਨ ਸਮਾਜ ਦੇ ਚਾਲਕ ਬੰਦਿਆਂ ਵਿੱਚ ਪਾਈਆਂ ਜਾਂਦੀਆਂ ਹਨ ਤੇ ਸਮਾਜ ਦੀ ਤੋਰ ਉਸ ਸਮੇਂ ਦੇ ਬੰਦੇ ਦੇ ਹੱਥ ਵਿੱਚ ਹੁੰਦੀ। ਗੁਰਬਾਣੀ ਅਨੁਸਾਰ ਇਹ ਬੁਰਾਈਆਂ ਮਨਮੁੱਖ ਵਿਚੋਂ ਮੌਜੂਦ ਹੁੰਦੀਆਂ ਹਨ। ਇਹਨਾਂ ਮਨਮੁਖਾਂ ਦੀ ਸਲਤਨਤ ਵਿੱਚ ਰਾਜਾ (ਹਕੂਮਤ) ਸ਼ੀਂਹ ਹੈ ਅਤੇ ਉਸ ਦੇ ਮੁਕੱਦਮ (ਅਫ਼ਸਰ-ਨਿਆਕਾਰ) ਕੁੱਤੇ ਹਨ। ਜੋ ਜੰਤਾ ਦੀ ਲੁੱਟਾ ਖੋਹੀ ਕਰਦੇ ਹਨ।

ਪੈਦਾਵਾਰੀ ਸਾਧਨਾਂ ਦੇ ਕਬਜ਼ੇ ਨਾਲ, ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰ ਦੀ ਕਾਣੀ ਵੰਡ ਨਾਲ ਜੋ ਸਰਮਾਇਆ ਕੱਝ ਹੱਥਾਂ ਵਿਚੋਂ ਇਕੱਠਾ ਹੁੰਦਾ ਹੈ। ਉਸ ਨੂੰ ਗੁਰਬਾਣੀ ਮਾਇਆ ਕਹਿੰਦੀ ਹੈ। ਉਹ ਮਾਇਆ ਜੋ ਪਾਪਾਂ ਨਾਲ ਹੀ ਇਕੱਠੀ ਕੀਤੀ ਜਾਂਦੀ ਹੈ! ਇਹ ਮਾਇਆ ਹੀ ਲੁਟੇਰੀ ਜਮਾਤ ਨੂੰ ਤਾਕਤ ਦਿੰਦੀ ਹੈ ਜਿਸ ਦੇ ਹੰਕਾਰ ਦੇ ਬਲ ਤੇ ਧੱਕੇ ਦਾ ਰਾਜ ਕਾਇਮ ਹੁੰਦਾ ਹੈ।

ਹੁਣ ਮਸਲਾ ਇਹੋ ਹੈ ਕਿ ਸਿੱਖ ਮੱਤ ਕਿਵੇਂ ਲੁਟੇਰੀ ਜਮਾਤ ਦਾ ਹਥਿਆਰ ਹੋ ਗਿਆ ਹੈ। ਕਿਉਂਕਿ ਸਮਾਜ ਵਾਦੀਆਂ ਦੇ ਵਿਆਖਿਆਕਾਰਾਂ ਨੇ ਇਸ ਦੀ ਸਹੀ ਨਬਜ਼ ਨੂੰ ਨਹੀਂ ਫੜਿਆ।

ਅਤੇ ਨਾ ਹੀ ਪੂਰੀ ਸ਼ਹਿਰਦਤਾ ਨਾਲ ਸੁਚੇਤ ਹੋ ਕੇ ਕਿਸੇ ਨੇ ਆਪਣੇ ਵਿਰਸੇ ਵੱਲ ਧਿਆਨ ਦਿੱਤਾ ਹੈ। ਸਿੱਖ ਮੱਤ ਮਿਸਲ ਜਗੀਰਦਾਰੀ ਰਾਹੀਂ ਤੇ ਫਿਰ ਰਣਜੀਤ ਸਿੰਘ ਦੇ ਸਿੱਖ ਰਾਜ ਰਾਹੀਂ ਜਾਤ ਪਾਤੀ ਸਭਿਆਚਾਰ ਅਧੀਨ ਲੁਟੇਰੀਆਂ ਸ਼੍ਰੇਣੀਆਂ ਦੇ ਹੱਥ ਚੜ੍ਹ ਗਿਆ। ਜੇ ਅਜਿਹਾ ਵਾਪਰ ਗਿਆ ਹੈ ਤਾਂ ਕੀ ਕਸੂਰ ਸਿੱਖ ਮੱਤ ਦਾ ਹੈ ?

ਏਸੇ ਪ੍ਰਸੰਗ ਵਿੱਚ ਪ੍ਰਸ਼ਨ ਹੈ ਕਿ ਜੇ ਅੱਜ ਇਨਕਲਾਬ ਦਾ ਮੋਢੀ ਰੂਸ ਸਰਮਾਏਦਾਰੀ ਪ੍ਰਬੰਧ ਦੇ ਰਾਹ ਪੈ ਗਿਆ ਹੈ ਤੇ ਉਲਟ ਇਨਕਲਾਬੀ ਸ਼ਕਤੀਆਂ ਜੇ ਸਮਾਜਵਾਦੀ ਹਲਕਿਆਂ ਤੇ ਕਾਬਜ਼ ਹੋ ਗਈਆਂ ਹਨ ਤੇ ਲਿਕਾਨੋਮਿਜ਼ਮ ਦੇ ਪੁੱਠੇ ਰਾਹ ਪੈ ਗਈਆਂ ਹਨ ਤਾਂ ਕੀ ਮਰਕਸਵਾਦ-ਲੈਨਨਵਾਦ ਜਾਂ ਮਾਓਵਾਦ ਗਲਤ ਹੋ ਗਿਆ ਹੈ ? ਜੇ ਨਹੀਂ ਤਾਂ ਸਿੱਖ ਮੱਤ ਵਾਰੇ ਏਡੇ ਛੋਟੇ ਨਜ਼ਰੀਏ ਵਾਲੇ ਵਿਚਾਰ ਕਿਉਂ ਦਿੱਤੇ ਜਾ ਰਹੇ ਹਨ। ਇਹ ਗੱਲ ਚਿੰਤਾ ਜਨਕ ਹੈ !!! ਤੇ ਮਾਰੂ ਸਾਬਤ ਹੋਗੀ ਹੈ। ਜਦੋਂ ਕਿ ਸਾਨੂੰ ਦੇਸ਼ ਦੇ ਆਪਣੇ ਪ੍ਰਸੰਗ ਵਿੱਚ ਹੀ ਕਿਸੇ ਵਰਤਾਰੇ ਤੇ ਸੋਚਣ ਤੇ ਉਸਦਾ ਲਾਗੂ ਕਰਨ ਬਣਦਾ ਹੈ।

**ਗੁਰਨਾਮ ਸਿੰਘ**

o

## ਅਖੌਤੀ-ਪੰਜਾਬੀ–ਹਿੰਦੂਆਂ ਨਾਲ ਦੋ ਗੱਲਾ

ਪੰਜਾਬੀ ਮਾਂ ਬੋਲੀ ਦੀ ਕਿੰਨੀ ਬਦਕਿਸਮਤੀ ਹੈ ਕਿ ਇਹਦੇ ਢਿਡੋਂ ਕੱਢੇ ਹੀ, ਇਹਨੂੰ ਮਾਂ ਮੰਨਣ ਲਈ ਤਿਆਰ ਨਹੀਂ। ਇਹ ਦਿਮਾਗ਼ੀ ਨੁਕਸ ਕੋਈ ਨਵਾਂ ਨਹੀਂ, ਸਗੋਂ ਸੈਂਕੜੇ ਵਰ੍ਹਿਆਂ ਤੋਂ ਚਲਿਆ ਆ ਰਿਹਾ ਹੈ। ਪੰਜਾਬ ਦੇ ਅਖੌਤੀ ਹਿੰਦੂ, ਹਿੰਦੀ ਦੇ ਝੰਡਾ ਬਰਦਾਰ ਤੇ ਹਿੰਦੂਆਂ ਦੇ ਠੇਕੇਦਾਰਾਂ ਨੂੰ ਪੰਜਾਬੀ ਮਾਂ ਬੋਲੀ ਤੋਂ ਮੁਸ਼ਕ ਆਉਂਦੈ। ਇਹ ਗੱਲ ਵੱਖਰੀ ਹੈ ਕਿ ਉਹ ਘਰ-ਬਾਰ ਪੰਜਾਬੀ 'ਚ ਗੱਲ ਕਰਦੇ ਹਨ। ਉਹਨਾਂ ਦੇ ਰਿਸ਼ਤੇਦਾਰ, ਯਾਰ ਮਿੱਤਰ ਪੰਜਾਬੀ ਬੋਲਦੇ ਹਨ। ਪਰ ਮੰਦਰਾਂ ਆਦਿ ਦਾ ਜਦ ਇਹ ਪ੍ਰੋਗਰਾਮ ਕਰਦੇ ਹਨ ਤਾਂ ਬਾਹਾਂ ਉਲ੍ਹਾਰ ਉਲ੍ਹਾਰ ਅਤੇ ਸੰਘ ਪਾੜ ਕੇ ਹਿੰਦੀ ਬੋਲਦੇ ਹਨ। ਤੇ ਜੇ ਇਹਨਾਂ ਨੂੰ ਇਹ ਸੁਆਲ ਕੀਤਾ ਜਾਵੇ ਕਿ ਤੁਹਾਡੀ ਮਾਂ-ਬੋਲੀ ਕੀ ਹੈ ? ਤਾਂ ਇਹ ਝੱਟ "ਹਿੰਦੀ" ਕਹਿਣਗੇ। ਫਿਰ ਜੇ ਦਲੀਲਬਾਜ਼ੀ ਕੀਤੀ ਜਾਵੇ ਕਿ ਹਿੰਦੀ ਮਾਂ-ਬੋਲੀ ਕਿਵੇਂ ਹੋਈ; ਜਦੋਂ ਕਿ ਤੁਸੀਂ ਤੇ ਬਾਕੀ ਸਭ ਲਾਣਾ ਪੰਜਾਬੀ ਬੋਲਦੇ ਹੋ ਤਾਂ ਜੁਆਬ ਮਿਲਦਾ ਹੈ ਕਿ "ਸਾਡੀ ਬੋਲਣ ਵਾਲੀ ਜ਼ਬਾਨ ਪੰਜਾਬੀ ਏ ਤੇ ਲਿਖਣ ਵਾਲੀ ਹਿੰਦੀ।"

ਹੋਰ ਤਾਂ ਹੋਰ ਵਲੈਤ 'ਚ ਵੀ ਇਹ ਬੱਚਿਆਂ ਨੂੰ ਕਹਿ ਰਹੇ ਹਨ ਤੇ ਉਹਨਾਂ ਦੇ ਦਿਮਾਗਾਂ 'ਚ ਇਹ ਗੱਲ ਤੁੰਨ ਰਹੇ ਹਨ ਕਿ, "ਅਗਰ ਤੁਹਾਨੂੰ ਆਪਣੇ ਮੁਲਕ ਦੀ

ਜ਼ਬਾਨ ਸਿੱਖਣ ਦਾ ਕਦੇ ਖਿਆਲ ਆਵੇ ਤਾਂ ਹਿੰਦੀ ਸਿਖਿਓ. ਪੰਜਾਬੀ ਨਹੀਂ।" ਤੇ ਕਈ ਅਕਲ ਦੇ ਅੰਨ੍ਹੇ ਮਾਪੇ ਤਾਂ ਮਾਸੂਮ ਬੱਚਿਆਂ ਨੂੰ ਡੰਗ-ਟਪਾਊ ਹਿੰਦੀ ਸਿਖਾਉਣ ਵਾਲਿਆਂ ਕੋਲ ਜ਼ਬਰਦਸਤੀ ਭੇਜ ਵੀ ਰਹੇ ਹਨ। ਦੱਸੋ ਏਹੋ ਜੇਹੇ ਹਾਲਾਤ ਵਿਚ ਬੱਚਾ ਕਿੰਨਾਂ ਕੁ ਸਿੱਖ ਸਕਦੈ? ਉਹਦਾ ਛੋਟਾ ਜਿਹਾ ਦਿਮਾਗ ਤਿੰਨਾਂ ਜ਼ਬਾਨਾਂ 'ਚ ਘਿਰਿਆ ਪਿਐ। ਘਰ 'ਚ ਪੰਜਾਬੀ ਬੋਲੀ ਜਾਂਦੀ ਹੈ। ਸਕੂਲ ਦਾ ਅੰਗਰੇਜ਼ੀ। ਤੇ ਫਿਰ ਉਹਦੇ ਦਿਮਾਗ 'ਚ ਹਫਤੇ ਦੇ ਆਖੀਰ ਤੇ ਜਾਂ ਸ਼ਾਮ ਨੂੰ ਕਿੱਲ ਠੋਕਣ ਵਾਂਗ ਹਿੰਦੀ ਦਾ "ਕਾ" "ਖਾ" ਠੋਕਿਆ ਜਾਂਦੈ।

ਮੇਰਾ ਹਿੰਦੀ ਜ਼ਬਾਨ ਨੇ ਕੋਈ ਨੁਕਸਾਨ ਨਹੀਂ ਕੀਤੈ ਤੇ ਨਾ ਹੀ ਮੇਰੀ ਹਿੰਦੀ ਜ਼ਬਾਨ ਨਾਲ ਕੋਈ ਜ਼ਾਤੀ ਦੁਸ਼ਮਣੀ ਹੈ। ਪਰ ਸੁਆਲ ਤਾਂ ਇਹ ਹੈ ਕਿ ਹਰ ਇਕ ਜ਼ਬਾਨ ਨੂੰ ਉਹਦੇ ਥਾਂ ਸਿਰ ਰੱਖਿਆ ਜਾਵੇ। ਦੁਨੀਆਂ ਦੀ ਕੋਈ ਵੀ ਜ਼ਬਾਨ ਘਟੀਆ ਜਾਂ ਵਧੀਆ ਨਹੀਂ ਹੈ। ਘਟੀਆ ਜਾਂ ਵਧੀਆ ਇਨਸਾਨ ਦੇ ਕੰਮ ਤੇ ਸੋਚਣੀ ਹੁੰਦੀ ਹੈ। ਜੇਕਰ "ਅਖੌਤੀ-ਪੰਜਾਬੀ-ਹਿੰਦੂ" ਪੰਜਾਬੀ ਨੂੰ ਘਟੀਆ ਜ਼ਬਾਨ ਸਮਝ ਕੇ ਦੁਰਕਾਰ ਰਹੇ ਹਨ ਤਾਂ ਮੈਨੂੰ ਉਹਨਾਂ ਦੀ ਅਕਲ ਅਤੇ ਦਿਮਾਗ ਤੇ ਹਾਸਾ ਆਉਂਦਾ ਹੈ।

ਸਵਰਗੀ ਬਲਰਾਜ ਸਾਹਣੀ ਆਪਣੀ ਕਿਤਾਬ, "ਯਾਦਾਂ ਦੇ ਯਰੋਖੇ ਚੋਂ" ਵਿਚ ਲਿਖਦਾ ਹੈ ਕਿ, "ਜਦ ਮੈਂ ਰਵਿੰਦਰ ਨਾਥ ਟੈਗੋਰ ਨੂੰ ਦੱਸਿਆ ਕਿ ਮੈਂ ਪੰਜਾਬੀ ਨਹੀਂ ਸਗੋਂ ਹਿੰਦੀ 'ਚ ਲਿਖਦਾ ਹਾਂ ਤਾਂ ਉਹਨਾਂ ਪੁਛਿਆ ਕਿ ਪੰਜਾਬੀ 'ਚ ਕਿਉਂ ਨਹੀਂ ਲਿਖਦੇਂ? ਤਾਂ ਮੈਂ ਜੁਆਬ ਦਿੱਤਾ ਕਿ, 'ਪੰਜਾਬੀ ਬੜੀ ਪੱਛੜੀ ਤੇ ਖਰ੍ਹਵੀ ਜ਼ਬਾਨ ਹੈ। ਇਹਨੂੰ ਕਿਤੇ ਕਿਨ੍ਹੇ ਕੁ ਲੋਕ ਪੜ੍ਹਦੇ ਹਨ? ਜਦੋਂ ਕਿ ਹਿੰਦੀ ਨੂੰ ਸਾਰਾ ਹਿੰਦੋਸਤਾਨ ਪੜ੍ਹਦੈ।' ਤਾਂ ਟੈਗੋਰ ਨੇ ਕਿਹਾ ਕਿ, "ਜਿਸ ਜ਼ਬਾਨ 'ਚ ਗੁਰੂ ਨਾਨਕ ਵਰਗੇ ਬੰਦਿਆਂ ਲਿਖਿਆ ਹੋਵੇ, ਉਹ ਜ਼ਬਾਨ ਪੱਛੜੀ ਜਾਂ ਖਰ੍ਹਵੀ ਕਿਵੇਂ ਹੋ ਸਕਦੀ ਹੈ? ਤੇ ਜਿਥੋਂ ਤਕ ਘੱਟ ਜਾਂ ਜ਼ਿਆਦਾ ਪੜ੍ਹਨ ਦਾ ਮਸਲਾ ਹੈ, ਮੈਂ ਖੁਦ ਬੰਗਾਲੀ 'ਚ ਲਿਖਦਾ ਹਾਂ ਤੇ ਮੈਨੂੰ ਸਾਰਾ ਸੰਸਾਰ ਪੜ੍ਹਦੈ।" ਟੈਗੋਰ ਵਾਂਗ ਰਸੂਲ ਹਮਜ਼ਾਤੋਵ ਵੀ "ਮੇਰਾ ਦਾਗਿਸਤਾਨ" 'ਚ ਇਸ ਗੱਲ ਦੀ ਪ੍ਰੋੜਤਾ ਕਰਦੈ ਕਿ ਜ਼ਬਾਨ ਘਟੀਆ ਜਾਂ ਵਧੀਆ ਨਹੀਂ ਹੁੰਦੀ ਤੇ ਗੱਲ ਸਾਰੀ ਵਿਚਾਰਾਂ ਤੇ ਲਿਖਤ ਦੀ ਹੈ। ਪਾਠਕ ਫਿਰ ਆਪ ਪੈਦਾ ਹੁੰਦੇ ਹਨ।

ਮੇਰਾ ਇਕ ਹਿੰਦੂ ਲਿਖਾਰੀ ਦੋਸਤ ਪਿੱਛੇ ਜਹੇ ਮੈਨੂੰ ਦੱਸ ਰਿਹਾ ਸੀ ਕਿ, "ਮੈਂ ਇਕ ਦਿਨ ਸਥਾਨਿਕ ਮੰਦਰ ਵਾਲਿਆਂ ਦੀ ਕਮੇਟੀ ਕੋਲ ਗਿਆ ਕਿ ਜੇਕਰ ਉਹ ਆਗਿਆ ਦੇਣ ਤਾਂ ਮੈਂ ਮੁਫਤ 'ਚ ਹਰ ਹਫਤੇ ਦੋ ਵਾਰੀ ਜਦ ਵੀ ਉਹ ਕਹਿਣ ਪੰਜਾਬੀ ਪੜ੍ਹਾਉਣ ਲਈ ਤਿਆਰ ਹਾਂ।" ਦੋਸਤ ਨੇ ਦੱਸਿਆ ਕਿ; "ਮੰਦਰ ਵਾਲਿਆਂ ਮੈਨੂੰ ਆਗਿਆ ਤਾਂ ਕੀ ਦੇਣੀ ਸੀ, ਸਗੋਂ ਮੈਨੂੰ ਸਿੱਖਾਂ ਦਾ ਟਾਊਟ ਕਰਾਰ ਦੇ ਕੇ ਉਥੋਂ ਤੁਰਦਾ ਕੀਤਾ।"

"ਅਖੌਤੀ-ਪੰਜਾਬੀ-ਹਿੰਦੂ" ਪੰਜਾਬੀ ਜ਼ਬਾਨ ਤੋਂ ਤਰਬਕਦੇ ਹਨ। ਸਾਡੇ ਬਹੁਤ ਸਾਰੇ ਸਿੱਖ ਭਾਈ ਪੰਜਾਬੀ ਜ਼ਬਾਨ ਨੂੰ ਸਿਰਫ ਗੁਰਦੁਆਰਿਆਂ ਤੱਕ ਹੀ ਸੀਮਤ ਰੱਖਣਾਂ ਚਾਹੁੰਦੇ ਹਨ। ਪੰਜਾਬੀ ਦੀ ਬਦਕਿਸਮਤੀ 'ਚ ਲਚਰ ਲਿਖਣ ਵਾਲੇ ਹੋਰ ਵਾਧਾ ਕਰ ਰਹੇ ਹਨ। ਲਚਰ ਗਾਣੇ ਲਿਖ ਤੇ ਸੁਣ ਕੇ ਕਈ ਪੰਜਾਬੀ ਬੜੀਆਂ ਪੈਲਾਂ ਪਾਉਂਦੇ ਹਨ। ਪੰਜਾਬੀ ਦਾ ਪਰਚਾ ਖ੍ਰੀਦਣਾ ਜਾਂ ਪੰਜਾਬੀ ਦੀ ਕਿਤਾਬ ਪੜ੍ਹਣਾ, ਉਹਨਾਂ ਦੇ ਰੁਤਬਿਆਂ ਨੂੰ ਬੌਣਿਆ ਕਰਦਾ ਹੈ। ਵਲੈਤ 'ਚ ਬਹੁਤੇ ਪੰਜਾਬੀ, ਇਸ ਕਰਕੇ ਵੀ ਪੰਜਾਬੀ 'ਚ ਗੱਲ ਨਹੀਂ ਕਰਦੇ ਕਿ ਉਹ ਪੰਜਾਬੀ ਨੂੰ ਇਕ ਜੰਗਲੀ ਤੇ ਵਾਹਿਯਾਤ ਜ਼ਬਾਨ ਸਮਝਦੇ ਹਨ।

ਸਾਡੇ ਟੀ. ਵੀ. ਅਤੇ ਰੇਡੀਓ ਜਾਂ ਤਾਂ ਸਾਡੇ ਪ੍ਰੋਗਰਾਮਾਂ 'ਚ ਹਿੰਦੀ 'ਚ ਗੱਲ ਕਰਦੇ ਹਨ ਤੇ ਜਾਂ ਉਰਦੂ 'ਚ। ਜਦੋਂ ਕਿ ਇਥੇ ਆਏ ਪ੍ਰਵਾਸੀਆਂ ਚੋਂ ਉਰਦੂ ਅਤੇ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ ਪਾਂਸਕੂ ਦੇ ਬਰਾਬਰ ਵੀ ਨਹੀਂ। ਲੋੜ ਇਸ ਗੱਲ ਦੀ ਵੀ ਹੈ ਕਿ ਟੀ. ਵੀ. ਅਤੇ ਰੇਡੀਓ ਵਾਲਿਆਂ ਤੇ ਦਬਾਅ ਪਾਇਆ ਜਾਵੇ ਕਿ ਉਹ ਸਰਵੇਖਣ ਕਰਕੇ ਵੇਖਣ ਕਿ ਜ਼ਿਆਦਾ ਪ੍ਰਵਾਸੀ ਕੇਹੜੀ ਬੋਲੀ ਬੋਲਦੇ ਹਨ। ਚਾਹੇ ਉਹ ਸਿੱਖ, ਹਿੰਦੂ ਮੁਸਲਮਾਨ ਜਾਂ ਕੁਛ ਵੀ ਆਪਣੇ ਆਪ ਨੂੰ ਕਹਾਉਂਦੇ ਹੋਣ। ਤੇ ਫਿਰ ਓਸੇ ਜ਼ਬਾਨ 'ਚ ਹੀ ਪ੍ਰੋਗਰਾਮ ਦਿੱਤੇ ਜਾਣ।

"ਅਖੌਤੀ-ਪੰਜਾਬੀ-ਹਿੰਦੂਆਂ" ਨੂੰ ਮੇਰਾ ਇਹ ਵੀ ਸੁਆਲ ਹੈ ਕਿ ਜੇਕਰ ਉਹ ਐਨੇ ਜ਼ਿਆਦਾ ਹੀ ਹਿੰਮਤੀ ਹਨ ਤਾਂ ਅਜੇ ਤਕ ਹਿੰਦੀ ਦਾ ਕੋਈ ਪਰਚਾ ਕਿਉਂ ਨਹੀਂ ਕਾਮਯਾਬ ਕੀਤੈ? ਜਦੋਂ ਕਿ ਭਾਰਤ ਸਰਕਾਰ ਵੀ ਉਹਨਾਂ ਨੂੰ ਇਸ ਕੰਮ ਲਈ ਸਹਾਇਤਾ ਦੇਣ ਲਈ ਸਦਾ ਤਿਆਰ ਰਹਿੰਦੀ ਹੈ ਤੇ ਸਹਾਇਤਾ ਦੇ ਵੀ ਰਹੀ ਹੈ। ਇਹਨਾਂ ਵਿਚਾਰਿਆਂ ਤੋਂ ਤਾਂ ਮੰਦਰਾਂ ਦਾ ਵੀ ਠੀਕ ਪ੍ਰਬੰਧ ਨਹੀਂ ਹੁੰਦੈ। ਮੰਦਰ 'ਚ ਕਦੇ ਕਿਸੇ ਤਿਉਹਾਰ ਦਾ ਪ੍ਰੋਗਰਾਮ ਹੋਵੇ ਤਾਂ ਉਥੇ ਨਿਆਣੇ "ਘੋੜ-ਕਬੱਡੀ" ਖੇਡ ਰਹੇ ਹੁੰਦੇ ਹਨ। ਕੁਛ ਬੀਬੀਆਂ ਲਿਪਸਟਿਕ ਤੇ ਸਾੜ੍ਹੀਆਂ ਸਜਾ ਕੇ ਇਕ ਪਾਸੇ ਬੈਠ, "ਚੁਗਲਸੰਗ" ਕਰ ਰਹੀਆਂ ਹੁੰਦੀਆਂ ਹਨ। ਕੁਛ "ਸ਼ਰਧਾਲੂ-ਅਧਖੜ" ਢੋਲਕੀ ਤੇ ਛੈਣੇ ਖੜ-ਕਾਉਂਦੀਆਂ, "ਕ੍ਰਿਸ਼ਨ ਮੁਰਾਰੀ,ਗਿਰਧਰ ਗੋਪਾਲ" ਦੇ ਕੰਨ ਦੀ ਮੈਲ ਕੱਢਣ ਤਕ ਚੀਖ-ਚਿਹਾੜਾ ਪਾ ਰਹੀਆਂ ਹੁੰਦੀਆਂ ਹਨ। ਮਹਾਸ਼ਾ ਲੋਕ, ਨਿਆਣਿਆਂ ਅਤੇ ਬੀਬੀਆਂ

'ਚ ਡੱਬ-ਖੜੱਬ ਜਹੇ ਪਾਉਂਦੇ ਚੁਗਲੀਆਂ ਜਾਂ ਹੱਥ ਤੇ ਹੱਥ ਮਾਰ ਕੇ ਭਜਨ ਗਾ ਰਹੇ ਹੁੰਦੇ ਹਨ। ਮੰਦਰ ਦਾ ਇਕੋ ਹੀ ਛੋਟਾ ਜਿਹਾ ਦਰਵਾਜ਼ਾ ਖੋਲ੍ਹਿਆ ਜਾਦੇ ਤੇ ਦੂਜੇ ਪਾਸੇ ਦਾ ਜਿੰਦਰਾ ਠੋਕ ਕੇ ਬੰਦ ਕੀਤਾ ਹੁੰਦੈ। ਪਤਾ ਨਹੀਂ ਅੰਦਰ ਕੀ ਹਾਈਡਰੋਜਨ ਬੰਬ ਰੱਖਿਆ ਹੋਇਐ, ਜੇਹੜਾ ਕਿ ਭਗਤ ਲੋਕ ਚੁੱਕ ਕੇ ਲੈ ਜਾਣਗੇ। ਇਕੋ ਛੋਟੇ ਜਹੇ ਖੁਲੇ ਦਰਵਾਜ਼ੇ 'ਚ, ਦਰਵਾਜ਼ੇ ਤੋਂ ਬਾਹਰ ਤੋਂ ਬਾਹਰਲੀ ਗਲੀ ਤਕ ਜੁੱਤੀਆਂ ਦੇ ਢੇਰ, ਇਸ ਤਰ੍ਹਾਂ ਪਏ ਹੋਂਦੇ ਹਨ ਜਿਵੇਂ ਕੁੱਕੜਾਂ ਗੋਹਾ ਖਲਾਰਿਆ ਹੁੰਦੈ। ਜੁੱਤੀਆਂ ਦੇ ਵਿਚ ਹੀ ਬੱਚੇ ਉਲੱਟੀਆਂ ਕਰ ਰਹੇ ਹਨ। ਧੱਕਮ ਧੱਕਾ, ਚੂੰਡੀ-ਚਪਟੀ ਤੇ ਨਿਆਣਿਆਂ ਦੇ ਚੀਖ-ਚਿਹਾੜੇ 'ਚ ਜੇਕਰ ਜੁੱਤੀ ਦਾ ਇਕ ਪੈਰ ਲੱਭ ਪਿਆ ਹੈ ਤਾਂ ਦੂਜੇ ਦਾ ਕੋਈ ਪਤਾ ਨਹੀ, ਕਿਧਰ ਹੈ। ਦੋਵੇਂ ਪੈਰ ਲੱਭਣ ਨੂੰ ਘੱਟੋ-ਘੱਟ ਪੰਜਤਾਲੀ ਮਿੰਟ ਜਾਂ ਘੰਟਾ ਤਾਂ ਲੱਗੇਗਾ ਹੀ। ਮਜ਼ੇਦਾਰ ਗੱਲ ਤਾਂ ਇਹ ਹੈ ਕਿ ਜੇਕਰ ਦੀਵਾਲੀ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ ਤਾਂ ਭਜਨ "ਗਿਰਧਰ ਗੋਪਾਲ" ਦੇ ਗਾਏ ਜਾ ਰਹੇ ਹਨ। ਰਾਮਚੰਦਰ ਦਾ ਉਕੇ ਭੁੱਲ ਚੁੱਕ ਵੀ ਨਾਮ ਨਹੀਂ ਲਿਆ ਜਾਂਦੈ। ਹਾਂ, ਕੁਛ ਦੱਖਣ ਤੋਂ ਆਏ ਭਾਰਤੀ. "ਬਾਲਾ ਜੀ" ਦੇ ਭਜਨ ਗਾਉਂਦੇ ਜ਼ਰੂਰ ਸੁਣੇ ਜਾ ਸਕਦੇ ਹਨ। ਹਿੰਦੋਸਤਾਨੀਆਂ ਦੇ ਇਸ ਵੱਡੇ ਤਿਉਹਾਰ ਬਾਰੇ ਜਾਨਣ ਲਈ ਆਏ ਗੋਰੇ, ਗੋਰੀਆਂ ਦੇ ਤਾਂ ਕੀ ਪੱਲੇ ਪੈਣਾ, ਖੁੱਦ ਹਿੰਦੋਸਤਾਨੀਆਂ ਦੇ ਵੀ ਕੁਛ ਪੱਲੇ ਨਹੀਂ ਪੈ ਸਕਦੈ ਕਿ ਇਹ ਕੀ ਗੁੱਗਲ ਧੁੱਖ ਰਹੀ ਹੈ। ਸੰਘ ਦੇ ਨਾਂ ਤਕ, ਮੰਦਰ ਮੂਰਤੀਆਂ ਨਾਲ ਭਰੇ ਪਏ ਹਨ। ਕਈ ਵਾਰ ਕਈ ਸੁਆਮੀ ਵੀ ਆਉਂਦੇ ਹਨ ਜੋ ਔਰਤ ਜ਼ਾਤ ਦਾ ਪ੍ਰਛਾਵਾਂ ਤਾਂ ਕੀ, ਔਰਤਾਂ ਨੂੰ ਦੇਖਣਾ ਤਕ ਨਹੀਂ ਚਾਹੁੰਦੇ। ਇਹ ਤਾਂ ਇਹੋ ਜੇਹੇ ਪਾਖੰਡੀਆਂ ਦੇ ਭਗਤ ਜਾਨਣ ਜਾਂ ਉਹ ਖੁੱਦ ਆਪ ਸੁਆਮੀ ਕਿ ਉਹ ਪੈਦਾ ਔਰਤ ਦੇ ਪੇਟੋਂ ਹੋਏ ਸਨ ਜਾਂ ਮੈਲ ਦੇ ਪੁਤਲੇ ਤੋਂ! ਕਈ ਵਾਰ ਇਹ ਸੁਆਮੀ ਮੂੰਹ ਚੋਂ ਲਿੰਗਮ ਕੱਢਣ ਅਤੇ ਭਬੂਤੀਆਂ ਨਾਲ ਭਗਤਾਂ ਨੂੰ ਅਰੋਗ ਕਰਨ ਦੇ ਪਖੰਡ ਵੀ ਕਰਦੇ ਹਨ। ਢੋਂਗ ਅਤੇ ਪਾਖੰਡ ਦਾ ਖੁਲ੍ਹਾ ਸ਼ਰੇਆਮ ਗਿੱਧਾ ਪੈਂਦਾ, ਇਹਨਾਂ "ਅਖੌਤੀ-ਪੰਜਾਬੀ-ਹਿੰਦੂਆਂ" ਦੇ ਮੰਦਰਾਂ 'ਚ ਆਮ ਦੇਖਿਆ ਜਾ ਸਕਦੈ। ਘੜੰਮ-ਚੌਧਰ ਤੇ ਗੋਲਕ ਤੋਂ ਜੁੱਤੀਆਂ ਚਲਾਉਣ 'ਚ ਗੁਰਦਆਰਿਆਂ ਦੇ ਚੌਧਰੀਆਂ ਵਾਂਗ ਇਹ ਵੀ ਪਿੱਛੇ ਨਹੀਂ ਹਨ।

ਵਲੈਤ ਦੀ ਪਨੀਰੀ ਜੋ ਇਹਨਾਂ ਮੰਦਰਾਂ 'ਚ ਜਾਂਦੀ ਹੈ; ਉਹਨਾਂ ਨੂੰ ਕੁਛ ਦੱਸਣ ਲਈ ਉਥੇ ਕੋਈ ਨਹੀਂ ਹੈ। ਉਹਨਾਂ ਦੇ ਸਿੱਖਣ ਲਈ ਵੀ ਉਥੇ ਕੁਝ ਨਹੀਂ ਹੈ। ਬੱਚਿਆਂ ਨੂੰ ਅਗਰ ਗਾ ਹੋ ਰਹੇ ਭਜਨਾਂ ਬਾਰੇ ਪੁਛਿਆ ਜਾਵੇ ਤਾਂ ਉਹ ਅੰਗਰੇਜ਼ੀ ਦਾ ਹੀ ਜੁਆਬ ਦਿੰਦੇ ਹਨ ਕਿ, "ਇਹ ਤਾਂ 'ਇੰਡੀਅਨ ਟੋਪ-ਔਫ ਦੀ ਪੱਪ' ਗਾਇਆ ਜਾ ਰਿਹੈ। ਗੱਲਾਂ ਤਾਂ ਇਹ "ਅਖੌਤੀ-ਪੰਜਾਬੀ-ਹਿੰਦੂ" ਸੰਸਕ੍ਰਿਤ ਦੇ ਸ਼ਲੋਕਾਂ ਦੀਆਂ ਕਰਦੇ ਹਨ। ਪਰ ਆਪ ਠੀਕ ਹਿੰਦੀ ਵੀ ਬੋਲਣੀ ਨਹੀਂ ਆਉਂਦੀ। ਹਿੰਦੀ ਬੋਲਦਿਆਂ "ਬਾਜ਼ੇ ਵੇਲੇ" ਸ਼ਬਦ ਬਰਸਾਤ ਨੂੰ ਉੱਗ ਰਹੀਆਂ ਖੁੰਭਾਂ ਵਾਂਗ ਨਿਕਲ ਨਿਕਲ ਹਾਸਰਸ ਪੈਦਾ ਕਰਦੇ ਤੇ ਮੱਛੀ ਦੇ ਕੰਡੇ ਵਾਂਗ ਬਾਰ ਬਾਰ ਅੱਖੜਦਾ ਹੈ।

ਜਿਸ ਤਰ੍ਹਾਂ ਇਥੇ ਆਏ ਬਹੁਤੇ ਪ੍ਰਵਾਸੀ ਆਪਣੇ ਆਪ ਨੂੰ ਮੂਰਖਤਾ ਦੀ ਹੱਦ ਤਕ ਕਾਲੇ ਅੰਗਰੇਜ਼ ਬਨਾਉਣ 'ਚ ਅਸਫਲ ਅਤੇ ਫ਼ਜ਼ੂਲ ਕੋਸ਼ਿਸ਼ ਕਰ ਰਹੇ ਹਨ; ਉਸੇ ਤਰ੍ਹਾਂ ਹੀ ਇਹ "ਅਖੌਤੀ-ਪੰਜਾਬੀ-ਹਿੰਦੂ" ਆਪਣੇ ਆਪ ਨੂੰ ਤੇ ਅਗਾਂਹ ਔਲਾਦ ਨੂੰ 'ਪੰਜਾਬੀ-ਮਾਂ-ਬੋਲੀ" ਨੂੰ ਮਾਂ ਨਾਂ ਮੰਨ ਕੇ, ਹਿੰਦੀ ਦਾ ਠੇਕਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਇਹਦੇ 'ਚ ਕੋਈ ਲੁਕ ਲਕਾ ਨਹੀਂ ਕਿ ਨਾ ਤਾਂ ਅਸੀਂ ਪੰਜਾਬੀ ਲੋਕ ਕਦੇ "ਪੂਰੇ ਅੰਗਰੇਜ਼" ਤੇ ਨਾਂ ਹੀ "ਪੂਰੇ ਹਿੰਦੀ" ਦੇ ਝੰਡਾ ਬਰਦਾਰ ਬਨਣ 'ਚ ਸਫਲ ਹੋ ਹੋ ਸਕਾਂਗੇ। ਮਾਂ ਨੂੰ ਮਾਂ ਨਾ ਮੰਨਣ ਤੇ ਮਾਂ ਦਾ ਰੁਤਬਾ ਕਦੇ ਘੱਟ ਨਹੀਂ ਸਕਦੈ।

**ਹਰੀਸ਼ ਮਲਹੋਤਰਾ ਬਰਮਿੰਘਮ**

o

## ਮਜ਼ਹਬ ਤੇ ਅਤਵਾਦ

'ਜੋਰਨਬਰਦਰ' ਕਹਿੰਦਾ—"ਲਿਵਰਪੂਲ 'ਚ ਚਰਚ ਦੀ ਲੋਕਾਂ ਤੇ ਪਕੜ ਬੜੀ ਤੇਜ਼ੀ ਨਾਲ ਢਿਲੀ ਹੋਈ ਏ।" ਤੇ ਇਸ ਦਾ ਕਾਰਨ ਬਿਆਨ ਕਰਦਾ ਲਿਖਦਾ—ਲਿਵਰ-ਪੂਲ 'ਚ ਵੱਸਦੇ ਵਰਕਿੰਗ ਕਲਾਸ ਦੇ ਬੱਚੇ ਬਹੁਤ ਗਿਣਤੀ 'ਚ ਪੜ੍ਹਨ ਲਗ ਪੈ ਨੇ, ਗ੍ਰੈਮਰ ਪਾਸ ਕਰਦਿਆਂ ਕਰਦਿਆਂ ਓਹ ਓਸ ਕਲਚਰ 'ਚੋਂ ਜਿਸਦਾ ਚਰਚ ਇਕ ਹਿੱਸਾ ਹੈ ਅਪਣੇ ਆਪ ਨੂੰ ਬੇਵਾਸਤਾ ਮਹਿਸੂਸ ਕਰਨ ਲਗ ਪੈਂਦੇ ਤੇ ਕਿਓਂਕਿ ਓਹ ਚਰਚ ਦੀ ਪ੍ਰਥਾ ਤੋਂ ਸਿਰਫ ਬੇਵਾਸਤਾ ਹੁੰਦੇ ਹਨ ਟੁੱਟਦੇ ਨਹੀਂ ਇਕ ਨਵੇਂ ਚਰਚ ਦੀ ਲੋੜ ਮਹਿਸੂਸ ਕਰਦੇ ਹਨ ਤੇ ਏਹ ਨਵਾਂ ਚਰਚ ਓਹਨਾਂ ਨੂੰ ਉਹਨਾਂ ਦੀ ਪੜ੍ਹਾਈ ਚੋਂ ਮਿਲ ਜਾਂਦਾ ਹੈ—ਸਕੂਲ ਕਾਲਜ ਉਹਨਾਂ ਨੂੰ ਨਵਾਂ ਚਰਚ ਮੁਹਈਆ ਕਰਦਾ।

ਮੇਰੇ ਖਿਆਲ 'ਚ ਉਤਨੀ ਗੱਲ ਦਾ ਇਕ ਹਿੱਸਾ ਸਾਡੇ ਦੇਸ਼ ਦੇ ਵੀ ਲਾਗੂ ਹੁੰਦਾ—ਆਜ਼ਾਦੀ ਦੇ ਬਾਦ ਵਿਦਿਆ ਦਾ ਪਾਸਾਰ ਹੋਇਆ ਤੇ ਇਸ ਪਸਾਰ ਨੇ ਵਿਦਿਆਰਥੀਆਂ ਨੂੰ 'ਚਰਚ' ਨਾਲੋਂ ਬੇਵਾਸਤਾ ਕੀਤਾ ਤੇ ਓਹਨਾਂ ਵੀ ਲਿਵਰਪੂਲ ਦੇ ਵਿਦਿਆਰਥੀਆਂ ਦੀ ਤਰ੍ਹਾਂ

'ਨਵੇਂ ਚਰਚ' ਦੀ ਲੋੜ ਮਹਿਸੂਸ ਕੀਤੀ ਹੈ ਪਰ ਸਾਡੇ ਸਕੂਲ ਕਾਲਜ ਏਹ ਲੋੜ ਪੂਰੀ ਕਰਨ 'ਚ ਅਸਮਰੱਥ ਸਾਬਤ ਹੋਏ ਹਨ—ਕਿਉਂਕਿ ਸਾਡੀ ਵਿਦਿਆ ਪਰਨਾਲੀ ਪਹਿਲਾਂ ਵਾਂਗ ਹੀ ਕਾਲੋਨੀਅਲ ਹੈ। ਸੋ ਇਸ ਤਰ੍ਹਾਂ ਵਿਦਿਆਰਥੀਆਂ (ਤੇ ਅਠਵੀਂ ਦਸਵੀਂ ਪਾਸ ਕਰਕੇ ਨੌਕਰੀਆਂ ਕਰਦੇ ਜਾਂ ਨੌਕਰੀਆਂ ਲੱਭਦੇ) ਨੌਜਵਾਨ 'ਚ ਇਮੋਚਨਲ ਤੇ ਇਨਟਲੈਚੂਅਲ ਖੱਪਾ ਪੈਦਾ ਹੋ ਗਿਆ ਤੇ ਇਸ ਖੱਪੇ ਨੂੰ ਭਰਨ ਲਈ ਓਹਨਾਂ ਨੂੰ ਅਤਵਾਦ ਸਾਹਮਣੇ ਨਜ਼ਰ ਆਇਆ ਕਿਉਂ ਅਤਵਾਦ ਦਾ ਏਮਜ਼ 'ਕੁਛ ਕਰ ਗੁਜ਼ਰਨ" ਵਾਲਾ ਇਮਜ਼ ਹੈ ਸੋ ਅਤਵਾਦ ਨੌਜਵਾਨਾਂ ਲਈ "ਨਵਾਂ ਚਰਚ" ਬਣ ਨਿਤਰਿਆ। ਅਤਵਾਦ ਦੇ ਅਪਣੇ ਲੌਜਕ, ਤੇ ਨੌਜੁਵਾਨਾਂ ਦੀ ਇਸ ਮਗਰ ਲਾਮਬੰਦੀ ਕਾਰਨ ਇਸ ਦਾ ਖਾਸਾ ਸਿਆਸੀ ਬਣ ਜਾਂਦਾ ਹੈ—ਅਤਵਾਦ ਇਕ ਤਗੜੀ ਪੋਲੀਟੀਕਲ ਫੋਰਸ ਦੀ ਸ਼ਕਲ ਇਖਤਾਰ ਕਰ ਲੈਂਦਾ ਹੈ। ਤੇ ਜੇ ਮਜ਼ਹਬੀ-ਮਾਰਕਿਟ (ਮਾਰਕਿਟ ਦਾ ਅਰਥ ਨਰੋਲ ਮਾਰਕਿਟ ਲਿਆ ਜਾਏ ਕਿਉਂਕਿ 'ਪੀਟਰ ਬਰਗਰ' ਲਿਖਦਾ ਕਿ ਹਰ ਮਜ਼ਹਬ ਦੀ ਅਪਣੇ ਪੈਰੋਕਾਰਾਂ ਤੇ ਮਨੌਪਲੀ ਟੁੱਟ ਗਈ ਹੈ ਤੇ ਹਰ ਮਜ਼ਹਬ ਦੇ ਸੈਕਟ ਪੈਦਾ ਹੋ ਚੁਕੇ ਹਨ, ਜਿਹਨਾਂ ਦਾ ਆਪੋਚੇ ਸਖਤ ਮੁਕਾਬਲਾ ਹੈ ਤੇ ਹਰ ਮਜ਼ਹਬ ਤੇ ਸੈਕਟ ਨੂੰ ਹੁਣ 'ਸੇਲ' ਕਰਨਾ ਪੈਂਦਾ ਹੈ। ਮਜ਼ਹਬ ਵੀ ਅਜ ਮਾਰਕਿਟ ਫੋਰਸ ਦੇ ਅਧੀਨ ਹੈ) ਇਸ ਦੀ ਸਰਦਾਰੀ ਕਾਇਮ ਹੋ ਜਾਏ ਤਾਂ ਏਹ ਉਸ ਇਸਟੇਬਲਿਸ਼ਮੈਂਟ ਨਾਲ ਜੋ ਮਜ਼ਹਬੀ ਲਿਬਾਸ 'ਚ ਅਪਣੇ ਆਪ ਨੂੰ ਲੋਕਾਂ ਸਾਮਣੇ ਪੇਸ਼ ਨਾ ਕਰਦੀ ਹੋਵੇ ਤੇ ਪ੍ਰਸੀਦ ਕਲਾਸ ਨੂੰ ਤਾਕਤ 'ਚ ਭਾਈਵਾਲ ਨਾ ਬਣਾਈ ਹੋਵੇ ਟੱਕਰ ਲਵੇਗੀ (ਇਰਾਨ) ਤੇ ਜੇ ਮਜ਼ਹਬੀ ਮਾਰਕੀਟ 'ਚ ਇਸ ਦੀ ਸਰਦਾਰੀ ਨਾ ਕਾਇਮ ਹੋਵੇ ਤਾਂ ਅਤਵਾਦ ਸਥਾਪਨਾ ਦਾ ਸਹਾਰਾ ਲਵੇਗੀ ਤੇ ਸਥਾਪਨਾ ਦੀ ਜੇ ਕਿਸੇ ਉਸ ਸਿਆਸੀ ਪਾਰਟੀ ਨਾਲ ਟੱਕਰ ਹੋਵੇ ਜਿਸ ਦੀਆਂ ਜੜਾਂ ਮਜ਼ਹਬ 'ਚ ਹੋਣ ਦਾ ਓਹ ਅਤਵਾਦ ਨੂੰ ਅਪਣਾ ਹੱਥ ਟੋਕਾ ਬਣਾ ਕੇ ਅਪਣੇ ਹਿਤਾਂ ਲਈ ਵਰਤਦੀ ਹੈ (ਪੰਜਾਬ) ਤੇ ਜੇ ਅਤਵਾਦ ਸਥਾਪਨਾ ਨਾਲ ਤਾਕਤ ਦੇ ਹਿੱਸੇਦਾਰ ਹੋਵੇ ਪ੍ਰਸੀਟ ਕਲਾਸ ਦੀ ਸਥਾਪਨਾ ਵਿਚ ਮੰਨੀ ਜਾਂਦੀ ਹੋਵੇ ਤਾਂ ਏਹ ਅਤਵਾਦ ਇਖਲਾਕੀ ਤੇ ਸਿਧਾਂਤਕ ਮੱਦਦ ਸਥਾਪਨਾ ਦੀ ਕਰਦਾ ਹੈ (ਜਮਾਤ-ਏ-ਇਸਲਾਮੀ ਪਾਕਿਸਤਾਨ 'ਚ) ਪਰ ਅਤਵਾਦ ਜੇ ਪੂਰੀ ਤਰ੍ਹਾਂ ਕਿਸੇ ਦੇਸ਼ 'ਚ ਸਤਾਧਾਰੀ ਹੋ ਜਾਣ 'ਚ ਓਹ ਦੇਸ਼ ਫਾਸਿਜ਼ਮ ਦਾ ਸ਼ਿਕਾਰ ਹੋ ਜਾਂਦਾ ਏ (ਇਰਾਨ) ਕਿਓ ਕਿ ਅਤਵਾਦ ਦਾ ਖਾਸਾ ਮਜ਼ਬੀ ਹੈ ਤੇ ਜੁੱਸਾ ਫਾਸਿਜ਼ਮ ਦੀ ਤਰ੍ਹਾਂ ਹੈ। ਏਹ ਵੀ ਫਾਸਿਜ਼ਮ ਦੀ ਤਰ੍ਹਾਂ "ਫੰਕਸ਼ਨ ਆਫ ਦੀ ਲੀਡਰ" ਦੇ ਯਕੀਨ ਰਖਦਾ ਹੈ। ਇਸੇ ਲਈ ਇਨਟਰਨੈਸ਼ਨ ਫਾਈਨੈਂਸ ਇਸ ਨੂੰ ਕੌਮਾਤਰੀ ਪੱਧਰ ਤੇ ਜਥੇਬੰਦ ਕਰ ਰਿਹਾ ਹੈ,

ਅਤਵਾਦ ਤੇ ਫਨੰਡਾਮੈਂਟਿਨਜ਼ਮ ਦਾ ਚੜ੍ਹਾਅ ਕੋਈ ਇਤਫਾਕੀਆ ਨਹੀਂ ਸਗੋਂ ਸਾਮਰਾਜ ਦੀ ਸੋਚੀ ਸਮਝੀ ਸ਼ਾਜਸ਼ ਹੈ। ਅਤਵਾਦੀ ਲੀਡਰ ਜ਼ਾਤੀ ਤੌਰ ਤੇ ਈਮਾਨ-ਦਾਰ ਤੇ ਮਿਸ਼ਨਰੀਜ਼ੀਲ ਵਾਲੇ ਹੁੰਦੇ ਸਨ ਇਸ ਲਈ ਆਪ ਲੋਕਸ਼ਰਧਾਲੂ ਬਣ ਕੇ 'ਮਰਨ ਕਰਨ' ਲਈ ਤਿਆਰ ਹੋ ਜਾਂਦੇ ਹਨ। ਇਹਨਾਂ ਲੀਡਰਾਂ ਦਾ ਇਕ ਇਕ ਬੋਲ ਸ਼ਰਧਾਲੂਆਂ ਲਈ ਰੱਬੀ ਹੁਕਮ ਦੀ ਤਰ੍ਹਾਂ ਹੁੰਦਾ ਹੈ ਤੇ ਸੋਚਣ ਦੀ ਥੋਹੜੀ ਬਹੁਤੀ ਸ਼ਕਤੀ ਵੀ ਜੋਹੜੀ ਏਹਨਾਂ ਕੋਲ ਹੁੰਦੀ ਹੈ ਗਵਾ ਕੇ ਏਹ ਲੋਕ ਮੂਰਖ ਤੇ ਹੁਲੜਬਾਜ਼ ਬਣ ਜਾਂਦੇ ਨੇ। ਹਿਟਲਰ ਨੂੰ ਏਹਨਾਂ ਮੂਰਖਾਂ ਤੇ ਹੁਲੜ-ਬਾਜ਼ਾਂ ਨੇ ਹੀ ਏਹਨਾਂ ਸ਼ਕਤੀਸ਼ਾਲੀ ਬਣਾਇਆ ਸੀ।

ਤੀਜੇ ਸੰਸਾਰ 'ਚ ਸਜ਼ਹਬੀ ਅਤਵਾਦ ਦਾ ਇਸ ਤਰ੍ਹਾਂ ਉਠਣਾ ਇਸ ਸੰਸਾਰ ਵਿਚਲਾ ਵਿਦਿਆਕ ਢਾਂਚਾ ਹੈ ਜੋ ਕਿ ਕਾਲੋਨੀਅਲ ਹੈ ਤੇ ਇਸ ਨੂੰ ਇਸ ਲਈ ਬਦਲਿਆ ਜਾ ਰਿਹਾ ਕਿਉਂਕਿ ਇਸ ਸੰਸਾਰ ਦਾ ਬਹੁਤਾ ਹਾਕਮ ਤਬਕਾ ਇੰਟਰਨੈਸ਼ਨ ਫਾਈਨੈਂਸ਼ ਦਾ ਏਜੰਟ ਹੈ ਤੇ ਤੇ ਅਪਣੇ ਗਰੀਬ ਨੂੰ ਸਮਾਜਵਾਦ ਦੇ ਉਲਟ ਵਰਤਣ ਦੇ ਆਹਰ ਵਿਚ ਹੈ। ਤੀਜੇ ਸੰਸਾਰ (ਵਿਚਲੇ ਕਮਊਨਿਸਟਾਂ ਦੇਸ਼ਾਂ ਨੂੰ ਛਡ ਕੇ) 'ਚ ਇਕ ਸੌ ਸਤਾਰਾਂ ਕਰੋੜ ਤੋਂ ਉਤੇ ਓਹ ਲੋਕ ਹਨ ਜਿਹਨਾਂ ਨੂੰ "ਬਹੁਤ-ਗਰੀਬ" ਗਰਦਾਨਿਆ ਗਿਆ ਹੈ ਤੇ ਇਹਨਾਂ 'ਚ ਸੱਤਰ-ਕਰੋੜ ਡੈਸਟੀਚਊਟ ਹਨ (ਇੰਟਰਨੈਸ਼ਨ ਲੇਬਰ ਰੀਪੋਰਟ-1976) ਇਸ ਤੋਂ ਪਹਿਲਾਂ ਕਿ ਏਹ ਗਰੀਬ ਚੋ ਬਹੁਤ ਵਡੀ ਤਾਕਤ ਹਨ ਅਪਣੇ ਹੱਕਾਂ ਲਈ ਅਪਣੇ ਦੇਸ਼ਾਂ ਦੇ ਲੋਟੂ ਹਾਕਮਾਂ ਵਿਰੁਧ ਉਠਣ ਤੇ ਅਪਣੇ ਹੱਕਾਂ (ਸਾਮਾਜਵਾਦ) ਲਈ ਘੋਲ ਕਰਨ ਇਹਨਾਂ ਨੂੰ ਅਤਵਾਦ ਦਾ ਸ਼ਿਕਾਰ ਬਣਾ ਕੇ ਇਹਨਾਂ ਦੇ ਹੱਕਾਂ ਵਿਰੁਧ ਵਰਤਣ ਦੀ ਹਾਕਮੀ ਸਾਜ਼ਸ਼ ਹੈ।

ਸਮਾਜਵਾਦ ਜੋ ਅੱਜ ਇਕ ਸ਼ਕਤੀ ਤੇ ਹਕੀਕਤ ਹੈ—ਨੂੰ ਠੱਲ ਪਾਣ ਲਈ ਇਸ ਤੋਂ ਚੰਗਾ ਹਥਿਆਰ ਕੇਹੜਾ ਹੋ ਸਕਦਾ ?

**ਸਰਦਾਰ ਬੱਸਰਾ**

o

**ਕੁੱਝ ਵਿਚਾਰ**

## ਪਛੜ ਰਿਹਾ ਸਭਿਆਚਾਰਕ ਇਨਕਲਾਬ

ਪਿਛਲੇ ਕੁੱਝ ਅਰਸੇ ਵਿੱਚ ਗੁਰਨਾਮ ਸਿੰਘ (ਡਬਲ ਐ. ਏ. ਬੀ. ਐਂਡ ) ਦੇ ਕੁੱਝ ਲੇਖ ਅਤੇ ਪੱਤਰ ਭਾਰਤ ਵਿੱਚ ਵਿਚਰ ਰਹੇ ਜਾਤ ਪਾਤੀ ਅਡੰਬਰ ਅਤੇ ਸਮਾਜਕ ਵੰਡ ਪਰਨਾਲੀ ਬਾਰੇ ਸਮਤਾ, ਸੋਧ ਅਤੇ ਆਰਸੀ ਵਿੱਚ ਛਾਇਆ ਹੋਏ ਹਨ। ਉਸ ਨੇ ਇਹਨਾਂ ਲੱਖਾਂ ਵਿੱਚ ਮਸਲੇ

ਦੀ ਜੜ੍ਹ ਤਕ ਪਹੁੰਚਦਿਆਂ ਕਈ ਅਹਿਮ ਨੁਕਤੇ ਉਠਾਏ ਸਨ।

ਉਮੀਦ ਸੀ ਸਾਡਾ ਬੌਧਕ ਅਤੇ ਸਿਆਸੀ ਵਰਗ ਇਹਨਾਂ ਨੁਕਤਿਆਂ ਦਾ ਭਰਪੂਰ ਨੋਟਿਸ ਲਵੇਗਾ ਅਤੇ ਇਸ ਬਾਰੇ ਗੰਭੀਰ ਚਰਚਾ ਛੇੜ ਕੇ ਮਸਲੇ ਦਾ ਹੱਲ ਲੱਭਣ ਅਤੇ ਖੜੋਤਦੀ ਸਥਿੱਤੀ 'ਚੋਂ ਬਾਹਰ ਆਉਣ ਦਾ ਯਤਨ ਕਰੇਗਾ। ਘੱਟੋ ਘੱਟ ਅਗਾਂਹ-ਵਧੂ ਅਤੇ ਖੱਬੇ ਪੱਖੀ ਵਰਗ ਕੋਲੋਂ ਤਾਂ ਇਸ ਬਾਰੇ ਪੂਰੀ ਉਮੀਦ ਸੀ। ਪਰ ਗੱਲ ਆਪਣੀਆਂ ਹੀ ਦੀਵਾਰਾਂ ਨਾਲ ਸਿਰ ਪੱਟਕਾਕੇ ਠੰਡੀ ਪੈ ਗਈ ਲੱਗਦੀ ਹੈ। ਤੇ ਇੱਕ ਵਾਰ ਇਹ ਗੱਲ ਫੇਰ ਸਿੱਧ ਹੋ ਗਈ ਹੈ ਕਿ ਸਾਡਾ ਬੌਧਿਕ ਅਤੇ ਸਿਆਸੀ ਵਰਗ ਇਸ ਮਸਲੇ ਨੂੰ ਕਿਵੇਂ ਵੀ ਗੰਭੀਰਤਾ ਨਾਲ ਨਹੀਂ ਲੈ ਰਿਹਾ। ਜਿਵੇਂ ਨਹਿਰੂ ਦਾ ਵਿਚਾਰ ਸੀ ਕਿ ਦੇਸ਼ ਵਿੱਚ ਸਅਨਤੀਕਰਨ ਹੋ ਜਾਣ ਨਾਲ ਜ਼ਾਤ-ਪਾਤ ਅਤੇ ਧਰਮ-ਕਰਮ ਦੇ ਸਮਾਜਿਕ ਮਸਲੇ ਆਪੇ ਹੱਲ ਹੋ ਜਾਣਗੇ ਉਵੇਂ ਹੀ ਇਸ ਵਰਗ ਦੇ ਲੋਕ ਸੋਚਦੇ ਹਨ ਕਿ ਸਭਿਆ-ਚਾਰਕ ਇਨਕਲਾਬ ਤੋਂ ਬਿਨਾਂ ਹੀ ਆਰਥਿਕ ਇਨਕਲਾਬ ਇਹ ਸਾਰੇ ਮਸਲੇ ਆਪਣੇ ਆਪ ਹੀ ਹੱਲ ਕਰ ਦੇਵੇਗਾ।

ਪਰ ਇਹ ਘੋੜੇ ਅੱਗੇ ਟਾਂਗਾ ਜੋੜਨ ਵਾਲੀ ਗੱਲ ਹੈ। ਆਰਥਿਕ ਇਨਕਲਾਬ ਤਾਂ ਹੀ ਆ ਸਕੇਗਾ ਜਦੋਂ ਲੋਕ ਜੁੜ ਬਹਿਣਗੇ। ਤੇ ਉਹ ਤਾਂ ਹੀ ਜੁੜਨਗੇ ਜੇ ਉਹ ਸਭਿਆਚਾਰਕ ਤੋਰ 'ਤੇ ਬਰਾਬਰੀ ਦੀ ਪੱਧਰ ਉੱਤੇ ਆ ਖੜਨਗੇ। ਉਹਨਾਂ ਨੂੰ ਸਭਿਆਚਾਰਕ ਤੋਰ 'ਤੇ ਜੋੜਨ ਲਈ ਸਭਿਆਚਾਰਕ ਇਨਕਲਾਬ ਬਹੁਤ ਜ਼ਰੂਰੀ ਹੈ। ਪਰ ਸਾਡਾ ਅਖੌਤੀ ਬੁੱਧੀਜੀਵੀ ਅਤੇ ਸਿਆਸੀ ਵਰਗ ਇਸ ਗੱਲ ਵਲੋਂ ਕਬੂਤਰ ਵਾਂਗ ਅੱਖਾਂ ਮੀਚਕੇ ਹੀ ਕੰਮ ਸਾਰ ਲੈਣਾ ਚਾਹੁੰਦੇ ਹਨ ਜੋ ਮਹਿਜ਼ ਖੁਸ਼ਫਹਿਮੀ ਹੀ ਹੈ।

ਇਸੇ ਗੱਲੋਂ ਹੀ ਗੁਰਨਾਮ ਸਿੰਘ ਨੇ ਸਾਡੇ ਅਖੌਤੀ ਮਾਰਕਸੀਆਂ ਨੂੰ ਆੜੇ ਹੱਥੀਂ ਲਿਆ ਹੈ ਜੋ ਜਾਇਜ਼ ਹੈ। ਪਰ ਇੱਥੇ ਮੈਂ ਗੁਰਨਾਮ ਸਿੰਘ ਨੂੰ ਇਸ ਗੱਲੋਂ ਜ਼ਰੂਰ ਸੁਚੇਤ ਕਰਨਾ ਚਾਹਾਂਗਾ ਕਿ ਸਾਡੀ (ਤੇ ਖਾਸ ਕਰ ਕੇ ਦਲਤ ਵਰਗ) ਦੀ ਨਜਾਤ ਮਾਕਸਵਾਦ ਤੇ ਕੇਵਲ ਮਾਰਕਸਵਾਦ ਵਿੱਚ ਹੀ ਹੈ। ਇਸ ਵੱਲੋਂ ਅਸੀਂ ਕਿਵੇਂ ਵੀ ਮੁੱਖ ਨਹੀ ਫੇਰ ਸਕਦੇ। ਇਸ ਲਈ ਲੋੜ ਹੈ ਕਿ ਸੱਭਿਆਚਾਰਕ ਇਨਕਲਾਬ ਦੇ ਨਾਲ ਨਾਲ ਆਰਥਿਕ ਇਨਕਲਾਬ ਵੱਲ ਵੀ ਅਗਰਸਰ ਰਿਹਾ ਜਾਵੇ। ਇਸਦੀ ਪ੍ਰਾਪਤੀ ਲਈ ਲੋੜ ਹੈ ਕਿ ਸਾਡੇ ਦਲਿਤ-ਵਰਗ ਨੂੰ ਜਿਸਨੇ ਕਿ ਅੰਤ ਵਿੱਚ ਸਹੀ ਤੇ ਸੱਚਾ ਪ੍ਰੋਲੇਤਾਰੀ ਹੋਣਾ ਹੈ ਵੱਧ ਤੋਂ ਵੱਧ ਮਾਰਕਸਵਾਦ ਵੱਲ ਪ੍ਰੇਰਕੇ ਇਸ ਦੀ ਫੋਲਡ ਵਿੱਚ ਲਿਆਂਦਾ ਜਾਵੇ ਤੇ ਫੇਰ ਆਪਣੇ ਬਹੁਤ-ਮੱਤ ਦੇ ਬਲਬੂਤੇ ਅਖੌਤੀ ਮਾਰਕਸੀਆਂ ਨੂੰ ਉਤਾਰ ਕੇ ਉਸਦੀ ਵਾਗ ਡੋਰ ਆਪ ਸੰਭਾਲੀ ਜਾਵੇ ਕਿਉਂਕਿ ਆਰਥਿਕ ਇਨਕਲਾਬ ਬਿਨਾਂ ਕੱਲਾ ਸਭਿਆਚਾਰਕ ਇਨਕਲਾਬ ਵੀ ਕੋਈ ਅਰਥ ਨਹੀਂ ਰੱਖੇਗਾ। ਇਸ ਗੱਲ ਵਿੱਚ ਗਰੀਬ ਵਰਗ ਦੇ ਬਰਾਹਮਣਾਂ ਬਾਣੀਆਂ ਅਤੇ ਜੱਟਾਂ ਦੀ ਭਿਆਲੀ ਵੀ ਪੁਆ ਈ ਜਾ ਸਕਦੀ ਹੈ ਕਿਉਂਕਿ ਦਲਤ ਵਰਗ ਦੇ ਬਹੁਤੇ ਲੋਕਾਂ ਵਾਂਗ ਉਹਨਾਂ ਨੂੰ ਵੀ ਆਰਥਿਕ ਇਨਕਲਾਬ ਦੀ ਜ਼ਰੂਰਤ ਹੈ, ਪਰ ਇੰਜ ਕਰਦਿਆਂ ਇੰਨਾ ਖਿਆਲ ਜ਼ਰੂਰ ਰੱਖਿਆ ਜਾਵੇ ਕਿ ਉਹ ਹੁਣ ਵਾਂਗ ਹਾਵੀ ਨਾ ਹੋਣ ਕਿਉਂਕਿ ਉਹਨਾਂ ਲਈ ਸਭਿਆਚਾਰਕ ਇਨਕਲਾਬ ਦੀ ਦਹਿਲੀਜ਼ ਟੱਪਣੀ ਐਨੀ ਸਹਿਜ ਨਹੀਂ ਹੋਵੇਗੀ। ਉਹਨਾਂ ਦੇ ਅੰਦਰ ਵੱਸੇ ਸਦੀਆਂ ਪੁਰਾਣੇ ਸੰਸਕਾਰ ਘੋੜੇ ਵਾਂਗ ਮਰਦਿਆਂ ਮਰਦਿਆਂ ਵੀ ਬਹੁਤ ਚਿਰ ਲਾ ਸਕਦੇ ਹਨ।

**(2) ਪੰਜਾਬ ਦੇ ਮਸਲੇ**—ਪੰਜਾਬ ਦੇ ਅਕਾਲੀ ਦਲ ਅਤੇ ਕੇਂਦਰੀ ਸਰਕਾਰ ਦੇ ਨੁਮਾਇੰਦਿਆਂ ਵਿਚਕਾਰ ਹੁਣੇ ਹੁਣੇ ਹੀ ਪੰਜਾਬ ਦੇ ਮਸਲਿਆਂ ਸਬੰਧੀ ਗੱਲਬਾਤ ਦਾ ਦੌਰ ਹੋ ਕੇ ਹਟਿਆ ਹੈ। ਕੋਈ ਫੈਸਲਾ ਸਾਹਮਣੇ ਨਹੀਂ ਆਇਆ। ਅਤੇ ਊਠ ਕਿਹੜੀ ਕਰਵਟ ਲੈ ਕੇ ਬੈਠਦਾ ਹੈ, ਕੋਈ ਕੁਝ ਨਹੀਂ ਕਹਿ ਸਕਦਾ।

ਪਰ ਸੁਲਝਣ ਦੀ ਥਾਂ ਇਹ ਮਸਲਾ ਦਿਨੋ ਦਿਨ ਉਲਝਦਾ ਹੀ ਜਾਂਦਾ ਹੈ। ਦੋਵੇਂ ਧਿਰਾਂ ਆਪੋ ਆਪਣੇ ਸਟੈਂਡ ਉੱਤੇ ਅੜੀਆਂ ਹੋਈਆਂ ਹਨ। ਆਪਣੇ ਆਪਣੇ ਸਟੈਂਡ ਤੋਂ ਕੁੱਝ ਥੱਲੇ ਉਤਰਨਾ ਦੋਵੇਂ ਧਿਰਾਂ ਨੂੰ ਆਪਣੀ ਆਪਣੀ ਹਾਰ ਦਿਖਾਈ ਦਿੰਦੀ ਹੈ। ਸੋ ਉਹ ਕਿਵੇਂ ਵੀ ਆਪਣਾ ਸਟੈਂਡ ਛੱਡਣ ਨੂੰ ਤਿਆਰ ਨਹੀਂ। ਤੇ ਇਸੇ ਲਈ ਕੋਈ ਸਮਝੌਤਾ ਨਹੀਂ ਹੋ ਰਿਹਾ।

ਭਾਵੇਂ ਅਕਾਲੀ ਖੁਦ ਵੀ ਦੋਗਲੀ ਨੀਤੀ ਉੱਤੇ ਚਲਦੇ ਹਨ, (ਜਦੋਂ ਆਪਣੀ ਸਰਕਾਰ ਹੋਵੇ ਤਾਂ ਜੰਨ-ਸੰਘੀਆਂ ਨੂੰ ਨਰਾਜ਼ ਕਰਨ ਦੇ ਡਰੋਂ ਉਹ ਇਹੋ ਜਿਹੇ ਮਸਲੇ ਨਹੀਂ ਉਠਾਉਂਦੇ, ਪਰ ਜਦੋਂ ਕਾਂਗਰਸੀ ਸਰਕਾਰ ਹੋਵੇ ਤਾਂ ਉਹ ਇਹੋ ਜਿਹਾ ਵਾ-ਵੇਲਾ ਖੜ੍ਹਾ ਕਰ ਲੈਂਦੇ ਹਨ), ਪਰ ਇਸ ਸਾਰੀ ਸਿਥਿਤੀ ਲਈ ਮੁੱਖ ਤੋਰ 'ਤੇ ਕੇਂਦਰ ਦੀ ਕਾਂਗਰਸ ਸਰਕਾਰ ਤੇ ਦੂਸਰੇ ਨੰਬਰ ਉੱਤੇ ਕਾਂਗਰਸ ਵਿਚਲੀ ਅਤੇ ਕਾਂਗਰਸ ਤੋਂ ਬਾਹਰਲੀ ਹਿੰਦੂ ਫਿਰਕਾਪ੍ਰਸਤੀ ਜ਼ਿੰਮੇਵਾਰ ਹੈ। ਕਾਂਗਰਸ ਵਿਚਲੇ ਸਿੱਖ ਵੀ ਕੁੱਝ ਹੱਦ ਤੱਕ ਜ਼ਿੰਮੇਵਾਰ ਹਨ।

ਅਕਸਰ ਕਿਹਾ ਜਾਂਦਾ ਹੈ ਕਿ ਸੰਤਾਲੀ ਤੋਂ ਪਹਿਲਾਂ ਇਹ ਸਿਥਿਤੀ ਨਹੀਂ ਸੀ। ਸਾਰੇ ਹਿੰਦੂ, ਸਿੱਖ ਤੇ ਮੁਸਲਮਾਨ ਮਿਲ ਜੁਲਕੇ ਰਹਿੰਦੇ ਸਨ। ਪਰ ਉਸ

ਵੇਲੇ ਇਹ ਗੱਲ ਤਾਂ ਸੀ ਕਿਉਂਕਿ ਹਿੰਦੂ ਲੋਕ ਅਣਵੰਡੇ ਪੰਜਾਬ ਵਿਚ ਕਾਫੀ ਗਿਣਤੀ ਵਿਚ ਸਨ। ਤੀਜੀ ਧਿਰ ਮੁਸਲਮਾਨ ਵੀ ਮੁਕਾਬਲੇ ਵਿਚ ਬੈਠੀ ਹੋਈ ਸੀ। ਇਸ ਲਈ ਕਿਸੇ ਦਾ ਵਿਰੋਧ ਕਰ ਸਕਣਾ ਮੁਸ਼ਕਲ ਸੀ। ਉਂਜ ਵੀ ਉਸ ਵੇਲੇ ਇਹੋ ਜਿਹੇ ਵਿਰੋਧ ਦੀ ਬਹੁਤੀ ਲੋੜ ਨਹੀਂ ਸੀ ਕਿਉਂਕਿ ਉਸ ਵੇਲੇ ਸਿਆਸੀ ਅਤੇ ਆਰਥਿਕ ਹਿੱਤ ਇੰਜ ਨਹੀਂ ਸਨ ਟਕਰਾਉਂਦੇ ਜਿਵੇਂ ਵੰਡ ਤੋਂ ਬਾਅਦ ਟਕਰਾਉਣ ਲੱਗੇ ਹਨ। ਉਸ ਵੇਲੇ ਸਾਰੀ ਸਿਆਸੀ ਅਤੇ ਆਰਥਿਕ ਸ਼ਕਤੀ ਬਾਹਰੀ ਤਾਕਤ ਅੰਗਰੇਜ਼ਾਂ ਦੇ ਹੱਥ ਵਿੱਚ ਸੀ।

ਘਰ ਵੰਡ ਤੋਂ ਬਾਅਦ ਇਹ ਸਥਿਤੀ ਬਿਲਕੁਲ ਬਦਲ ਗਈ ਹੈ। ਮੁਸਲਮਾਨ ਪੰਜਾਬ ਛੱਡਕੇ ਪਾਕਿਸਤਾਨ ਜਾ ਚੁੱਕੇ ਹਨ। ਅਤੇ ਸਵਦੇਸ਼ੀ ਰਾਜ ਕਰਕੇ ਹੁਣ ਸਾਡੇ ਆਰਥਿਕ ਅਤੇ ਸਿਆਸੀ ਹਿੱਤ ਵੀ ਉਭੱਰ ਕੇ ਸਾਹਮਣੇ ਆ ਗਏ ਹਨ ਕਿਉਂਕਿ ਹੁਣ ਅਸੀਂ ਇਹਨਾਂ ਗੱਲਾਂ ਵਿੱਚ ਖੁਦ ਭਾਈਵਾਲ ਬਣ ਗਏ ਹਾਂ!

ਪਰ ਕੋਈ ਇਕੱਲਾ ਦੁਕੱਲਾ ਆਦਮੀ ਇਹ ਹਿੱਤ ਸੁਰੱਖਿਤ ਨਹੀਂ ਰੱਖ ਸਕਦਾ ਜਾਂ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਗੁੱਟ-ਬੰਦੀਆਂ ਦੀ ਲੋੜ ਪੈਂਦੀ ਹੈ। ਪਰ ਭਾਰਤ ਵਰਗੇ ਧਰਮ-ਪ੍ਰਧਾਨ ਦੇਸ਼ ਵਿਚ ਇਹ ਗੁਟਬੰਧੀਆਂ ਧਰਮ ਦੇ ਨਾਂ ਉੱਤੇ ਬਹੁਤ ਹੀ ਸਹਿਜ ਨਾਲ ਪੈਦਾ ਕੀਤੀਆਂ ਜਾ ਸਕਦੀਆਂ ਸਨ/ਹਨ। (ਅੱਗੋਂ ਇਹ ਜਾਤ, ਗੋਤ ਅਤੇ ਖਿੱਤਿਆਂ ਦੇ ਆਧਾਰ ਉੱਤੇ ਬਣ ਗਈਆਂ ਹਨ)। ਇਸ ਤਰ੍ਹਾਂ ਫਿਰਕੂ ਧੜੇ ਪੈਦਾ ਹੋ ਗਏ। ਭਾਵੇਂ ਇਹਨਾਂ ਗੁਟ ਬੰਦੀਆਂ ਵਿੱਚ ਮੁੱਖ ਰੋਲ ਸਰਮਾਏਦਾਰੀ ਅਤੇ ਜਾਗੀਰਦਾਰੀ ਦਾ ਹੀ ਹੈ ਕਿਉਂਕਿ ਉਹਨਾਂ ਦੇ ਹੀ ਹਿੱਤ ਹੀ ਅਸਲ ਵਿੱਚ ਟਕਰਾਉਂਦੇ ਹਨ, ਪਰ ਉਹਨਾਂ ਵੱਲੋਂ ਧਰਮ ਦੇ ਨਾਂ ਉੱਤੇ ਵਿਛਾਏ ਗਏ ਜਾਲ ਵਿੱਚ ਆਮ ਲੋਕ ਵੀ ਫਸ ਗਏ। ਜਿਹੜੇ ਕੁੱਝ ਸਾਂਝੇ ਜਿਹੇ ਵਿਚਾਰਾਂ ਦੇ ਲੋਕ ਸਨ ਉਹਨਾਂ ਵਿਚੋਂ ਬੁਰਜੂਆ ਰੁਚੀਆਂ ਵਾਲੇ ਕਾਂਗਰਸ ਵਰਗੀਆਂ ਸਰਮਾਏਦਾਰੀ ਪੱਖੀ ਪਾਰਟੀਆਂ ਵਿੱਚ ਵੜ ਗਏ ਤੇ ਅਗਾਂਹਵਧੂ ਰੁਚੀਆਂ ਵਾਲੇ ਮਾਰਕਸੀ ਪਾਰਟੀਆਂ ਵੱਲ ਝੁਕ ਗਏ।

ਪਰ ਇਸ ਵਿੱਚ ਪਹਿਲ ਕਦਮੀ ਹਿੰਦੂ ਫਿਰਕਾ ਪ੍ਰਸਤੀ ਦੀ ਹੈ ਕਿਉਂਕਿ ਇਸਦੀ ਸਰਪ੍ਰਸੱਤ ਪਾਰਟੀ ਆਪਣੇ ਆਪ ਨੂੰ ਕਾਂਗਰਸ ਦਾ ਬਦਲ ਸਮਝਦੀ ਸੀ ਤੇ ਉਸ ਨੇ ਰਾਜਨੀਤਿਕ ਤਾਕਤ ਦੀ ਪ੍ਰਾਪਤੀ ਲਈ ਹਿੰਦੂ ਧਰਮ ਦੀ ਆੜ ਥੱਲੇ ਹਿੰਦੂ ਫਿਰਕਾ ਪ੍ਰਸਤੀ ਨੂੰ ਬਹੁਤ ਉਛਾਲਿਆ ਹੈ। ਉਸ ਨੇ ਆਪਣੇ ਹਿੱਤ ਪੂਰਨ ਲਈ ਪੰਜਾਬੀ ਸਭਿਆਚਾਰ ਅਤੇ ਬੋਲੀ ਨੂੰ ਵੀ ਕੁਰਬਾਨ ਕਰ ਦੇਣ ਤੋਂ ਗੁਰੇਜ਼ ਨਹੀਂ ਕਰਿਆ ਕਿਉਂਕਿ ਪੰਜਾਬੀ ਸਭਿਆਚਾਰ ਦੀ ਸੁਰ ਹਿੰਦੂ ਸੰਸਕ੍ਰਿਤੀ ਵਾਲੇ ਸਭਿਆਚਾਰ ਤੋਂ ਕੁੱਝ ਨਿਰਾਲੀ ਹੈ।

(ਇਹ ਸਭਿਆਚਾਰ ਦਰਾਵੜੀ ਆਰੀਆਈ ਤੇ ਹੋਰ ਕਈ ਤਰ੍ਹਾਂ ਦੇ ਬਾਹਰੀ ਸਭਿਆਚਾਰਾਂ ਦਾ ਚੰਗਾ ਮਿਲ ਗੋਭਾ ਹੈ।)

ਪਰ ਹਿੰਦੂ ਫਿਰਕਾ-ਪ੍ਰਸਤੀ ਦੇ ਹਾਣੀ ਹੋ ਜਾਣ ਅਤੇ ਆਪਣੇ ਆਪ ਦੇ ਥੱਲੇ ਲੱਗ ਜਾਣ ਦੇ ਡਰੋਂ ਸਿੱਖ-ਫਿਰਕਾ ਪ੍ਰਸਤੀ ਨੇ ਵੀ ਸਿਰ ਚੁੱਕ ਲਿਆ। ਉਹਨਾਂ ਦੀ ਆੜ ਵੀ ਧਾਰਮਿਕ ਹੀ ਸੀ ਕਿਉਂਕਿ ਧਰਮ ਦੇ ਨਾਂ ਉੱਤੇ ਲੋਕਾਂ ਨੂੰ ਜਲਦੀ ਉਭਾਰਿਆ ਜਾਂ ਭੜਕਾਇਆ ਜਾ ਸਕਦਾ ਸੀ। ਉਂਜ ਵੀ ਸਿੱਖ ਧਰਮ ਹਿੰਦੂ ਧਰਮ ਦੇ ਵਿਰੋਧ ਵਿਚੋਂ ਹੀ ਪੈਦਾ ਹੋਇਆ ਸੀ, ਇਸ ਲਈ ਟਕਰਾ ਹੋਣਾ ਸੁਭਾਵਕ ਸੀ।

ਟਕਰਾ ਦੇ ਕੁੱਝ ਕਾਰਨ ਹੋਰ ਵੀ ਹਨ, ਜਿਨ੍ਹਾਂ ਵਿੱਚੋਂ ਮੁੱਖ ਕਾਰਨ ਇਹ ਹੈ ਕਿ ਹਿੰਦੂਆਂ ਦਾ ਬਹੁਤਾ ਬੋਲ ਬਾਲਾ ਸ਼ਹਿਰੀ ਅਮੀਰਾਂ ਵਿਉਪਾਰੀਆਂ ਅਤੇ ਮਧਵਰਗੀਆਂ ਵਿਚ ਹੈ ਜਦੋਂ ਕਿ ਸਿੱਖਾਂ ਦਾ ਪੇਂਡੂ ਜਿਮੀਂਦਾਰੀ ਤੇ ਕਿਰਸਾਨੀ ਵਿੱਚ ਹੈ।

ਸ਼ਹਿਰੀ ਵਿਉਪਾਰੀ ਜਿੰਨਾਂ ਵਿਚ ਬਹੁ ਗਿਣਤੀ ਹਿੰਦੂਆਂ ਦੀ ਹੈ। ਇਹ ਨਹੀਂ ਚਾਹੁੰਦੀ ਕਿ ਪੰਜਾਬਦੀ ਕਿਰਸਾਨੀ ਤਰੱਕੀ ਕਰੇ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਹੋ ਕੇ ਉਹਨਾਂ ਦੀ ਚੁੰਗਲ ਵਿਚੋਂ ਨਿਕਲ ਜਾਵੇ। ਪਰ ਦੂਜੇ ਪਾਸੇ ਕਿਰਸਾਨੀ ਨੂੰ ਇਹ ਦੁੱਖ ਹੈ ਕਿ ਸ਼ਹਿਰੀ ਵਿਉਪਾਰੀ ਤੇ ਬੁਰਜੁਆਜ਼ੀ ਵੀ ਉਹਨਾਂ ਦੀ ਲੁੱਟ ਖਸੁੱਟ ਕਰਦੇ ਹਨ। ਆਪਣੇ ਵੱਲੋਂ ਵੇਚੀਆਂ ਚੀਜ਼ਾਂ ਦਾ ਭਾਅ ਤਾਂ ਪੂਰਾ ਠੋਕ ਕੇ ਲਾਉਂਦੀ ਹੈ, ਪਰ ਕਿਰਸਾਨੀ ਜਿਨਸ ਦਾ ਭਾਅ ਮੰਦਾ ਮਿਲਦਾ ਹੈ। ਕਿਰਸਾਨੀ ਦੇ ਨਾ ਤਰੱਕੀ ਕਰਨ ਨਾਲ ਸ਼ਹਿਰੀ ਵਿਉਪਾਰੀ ਨੂੰ ਕੋਈ ਬਹੁਤਾ ਫਰਕ ਨਹੀਂ ਪੈਂਦਾ ਉਹਨਾਂ ਲਈ ਗਰੀਬ ਕਿਰਸਾਨਾਂ ਨੂੰ ਦਿੱਤੇ ਕਰਜ਼ਿਆਂ ਦੇ ਸੂਦ ਨਾਲ ਮੰਡੀ 'ਚ ਆਈਆਂ ਘੱਟ ਜਿਨਸਾਂ ਦਾ ਘਾਟਾ ਪੂਰਾ ਹੋ ਜਾਂਦਾ ਰਿਹੈ।

ਪੰਜਾਬ ਦੇ ਜ਼ਿਆਦਾ ਵਿਉਪਾਰੀ ਹਿੰਦੂ ਹਨ ਤੇ ਉਹਨਾਂ ਦੀ ਕਿਰਸਾਨੀ ਪ੍ਰਤੀ ਇਸ ਬੇਰੁਖੀ ਕਰਕੇ ਸਿੱਖ ਕਿਰਸਾਨੀ ਵਿੱਚ ਵਿਰੋਧ ਪੈਦਾ ਹੋਇਆ ਹੈ। ਭਾਵੇਂ ਸਿੱਖ ਸਿਆਸਤ ਵਿੱਚ ਮੁਖੀ ਰੋਲ ਵੀ ਹਿੰਦੂ ਸਿਆਸਤ ਦੇ ਅਮੀਰ ਵਪਾਰੀਆਂ ਵਾਂਗ ਧਨੀ ਕਿਰਸਾਨੀ ਦੇ ਹੱਥ ਵਿਚ ਹੀ ਹੈ।

ਪਰ ਅੱਜ ਦੀ ਸਥਿਤੀ ਨੂੰ ਪੈਦਾ ਕਰਨ ਵਿੱਚ ਮੁਖੀ ਰੋਲ ਕਾਂਗਰਸ ਅਤੇ ਕੇਂਦਰੀ ਸਰਕਾਰ ਦਾ ਹੀ ਹੈ,

ਜਿਸਨੇ ਪਾਰਟੀ ਵਿਚਲੇ ਹਿੰਦੂ ਫਿਰਕਾਪ੍ਰਸਤਾਂ ਦੇ ਦਬਾ ਥੱਲੇ ਆਕੇ ਕਈ ਗਲਤ ਫੈਸਲੇ ਕੀਤੇ। ਉਨ੍ਹਾਂ ਨੇ ਸੌੜੇ ਸਿਆਸੀ ਹਿੱਤਾਂ ਦੀ ਪ੍ਰਾਪਤੀ ਲਈ ਪੰਜਾਬ ਦੀ ਵੰਡ ਬੋਲੀ ਦੀ ਥਾਂ ਫਿਰਕਾਪ੍ਰਸਤੀ ਦੇ ਆਧਾਰ ਉੱਤੇ ਕਰਕੇ ਭਾਵੇਂ ਕੁੱਝ ਸਮੇਂ ਲਈ ਸਿੱਖ ਸਿਆਸਤ ਨੂੰ ਖੁੱਡੇ ਲਾ ਦਿਤਾ ਸੀ (ਪੰਜਾਬ ਦੇ ਸੂਬੇ ਨੂੰ ਅਕਾਲੀਆਂ ਦੀ ਮੰਗ ਉੱਤੇ 1967 ਵਿੱਚ ਸੂਬੀ ਬਣਾਕੇ) ਪਰ ਉਹਨਾਂ ਇਹ ਨਾ ਸੋਚਿਆ ਕਿ ਸਿੱਖ ਮੁੜ ਜ਼ੋਰ ਫੜ ਸਕਦੇ ਹਨ। ਤੇ ਅੱਜ ਉਹੋ ਹਾਲਤ ਪੈਦਾ ਹੋ ਗਈ ਹੈ।

ਭਾਵੇਂ ਕਾਂਗਰਸ ਦੇ ਅੰਦਰਲੀ ਹਿੰਦੂ ਫਿਰਕਾਪ੍ਰਸਤੀ ਨੇ ਪੰਜਾਬ ਦੀ ਸਹੀ ਵੰਡ ਦਾ ਵਿਰੋਧ ਕੀਤਾ ਹੈ, ਪਰ ਇਸ ਦੇ ਉਲਟ ਕਾਂਗਰਸੀ ਸਿੱਖਾਂ ਨੇ ਵੀ ਆਪਣੀ ਸਰਕਾਰ ਚਾਲੂ ਰੱਖਣ ਲਈ ਪੰਜਾਬ ਨੂੰ ਇਨਸਾਫ ਦੁਆਉਣ ਦੀ ਮੁਹਿੰਮ ਵਿਚ ਭਾਈਵਾਲ ਬਣਨ ਦੀ ਥਾਂ ਚੁੱਪ-ਕਬੂ ਨੀਤੀ ਅਪਣਾਈ ਰੱਖੀ ਹੈ ਤੇ ਕੇਂਦਰ ਨੇ ਜੋ ਕੁੱਝ ਝੋਲੀ ਪਾਇਆ ਖਿੜੇ ਮੱਥੇ ਪਰਵਾਨ ਕਰ ਲਿਆ

ਇਸ ਲਈ ਇਸ ਮੁਹਿੰਮ ਦਾ ਬੀੜ 'ਕੱਲੇ ਸਿੱਖ ਫਿਰਕੂਆਂ ਨੂੰ ਹੀ ਚੁੱਕਣਾ ਪਿਆ ਹੈ ਭਾਵੇਂ ਇਸ ਵਿਚ ਉਹਨਾਂ ਦੀ ਐਨੀ ਭਾਵਨਾ ਪੰਜਾਬ ਨੂੰ ਇਨਸਾਫ ਦੁਆਉਣ ਦੀ ਨਹੀਂ ਹੈ ਸਗੋਂ ਆਪਣੀ ਸਿਆਸੀ ਅਤੇ ਆਰਥਿਕ ਹਿੱਤਾਂ ਨੂੰ ਹੀ ਸੁਰੱਖਿਤ ਅਤੇ ਮਜ਼ਬੂਤ ਕਰਨਾ ਹੈ। ਪਰ ਫੇਰ ਵੀ ਉਹਨਾਂ ਦੀਆਂ ਕੁੱਝ ਮੰਗਾਂ ਪੰਜਾਬ ਦੇ ਸਾਰੇ ਲੋਕਾਂ ਦੇ ਹਿੱਤ ਵਿਚ ਜਾਂਦੀਆਂ ਹਨ—ਜਿਵੇਂ ਪੰਜਾਬੀ ਭਾਸ਼ਾ, ਵੱਧ ਪਾਣੀ ਆਦਿ। ਰਾਜਾਂ ਨੂੰ ਵੱਧ ਅਧਿਕਾਰਾਂ ਵਾਲੀ ਮੰਗ ਤਾਂ ਸਾਰੇ ਦੇਸ਼ ਦੇ ਹਿੱਤ ਵਿਚ ਹੈ ਜਿਸਨੂੰ ਕੇਂਦਰੀ ਸਰਕਾਰ ਮਜ਼ਬੂਤ ਕੇਂਦਰ ਦੇ ਨਾਹਰੇ ਥੱਲੇ ਠੁਕਰਾ ਰਹੀ ਹੈ। ਪਰ ਪਿਛਲੇ ਪੈਂਤੀ ਸਾਲਾਂ ਦੀ ਮਜ਼ਬੂਤ ਕੇਂਦਰੀ ਸਰਕਾਰ ਨੇ ਕਿਹੜੇ ਝੰਡੇ ਗੱਡ ਦਿੱਤੇ ਹਨ ਕਿ ਰਾਜਾਂ ਨੂੰ ਵੱਧ ਅਧਿਕਾਰ ਦੇਣ ਪਿੱਛੋਂ ਉਹ ਨਹੀਂ ਗੱਡ ਸਕੇਗੀ। ਉਸਦੀ ਮਜ਼ਬੂਤੀ ਤਾਂ ਇੱਥੋਂ ਹੀ ਜ਼ਾਹਰ ਹੈ ਕਿ ਬੇਇਜ਼ਤੀ ਭਰੀਆਂ ਸ਼ਰਤਾਂ ਉੱਤੇ ਲਏ ਕਰਜ਼ੇ ਨਾਲ ਇਸ ਮਜ਼ਬੂਤ ਕੇਂਦਰ ਨੇ ਦੇਸ਼ ਦਾ ਰੋਮ ਰੋਮ ਪਰੋ ਦਿੱਤਾ ਹੈ।

ਅੱਜ ਨਿੱਕੀ ਤੋਂ ਨਿੱਕੀ ਲੋੜ ਲਈ ਵੀ ਰਾਜਾਂ ਨੂੰ ਕੇਂਦਰ ਵੱਲ ਕੁੱਤੇ ਵਾਂਗੂ ਮੂੰਹ ਚੁੱਕ ਕੇ ਵੇਖਣਾ ਪੈਂਦਾ ਹੈ। ਜੇ ਥੀਅਨ-ਡੈਮ ਪੰਜਾਬ ਨੇ ਖੁਦ ਬਨਾਉਣਾ ਹੁੰਦਾ ਤਾਂ ਉਹ ਪਿਛਲੇ 26 ਸਾਲਾਂ ਤੋਂ ਇੰਦਰਾਂ ਗਾਂਧੀ ਦੇ ਹੱਥਾਂ ਵੱਲ ਵੇਖਦਾ ਵੇਖਦਾ ਆਪਣੀ ਆਰਥਿਕਤਾ ਦਾ ਭੱਠਾ ਨਾ ਬਿਠਾਉਂਦਾ। ਥੀਅਨ ਡੈਮ ਦੇ ਬਣਨ ਨਾਲ ਕੱਲੇ ਪੰਜਾਬ ਨੂੰ ਹੀ ਨਹੀਂ ਸਗੋਂ ਸਾਰੇ ਦੇਸ਼ ਦੀ ਆਰਥਿਕਤਾ ਨੂੰ ਉਤਸ਼ਾਹ ਮਿਲਣਾ ਸੀ, ਪਰ ਘਰੋਂ ਖਾ ਕੇ ਰਾਣੀ ਨੂੰ ਕੌਣ ਮੱਤ ਦੇਣ ਜਾਵੇ ਕਿ ਉਹ ਅੱਗਾ ਢੱਕਕੇ ਰੱਖੇ।

ਰਹੀ ਧਾਰਮਿਕ ਮੰਗਾਂ ਦੀ ਗੱਲ। ਜੇ ਬਨਾਰਸ ਪਵਿੱਤਰ ਸ਼ਹਿਰ ਕਰਾਰ ਦਿੱਤਾ ਜਾ ਸਕਦਾ ਤਾਂ ਅੰਮ੍ਰਿਤ-ਸਰ ਵਰਗੇ ਧਾਰਮਿਕ ਸਥਾਨ ਨੂੰ ਇਹ ਦਰਜਾ ਦੇਣ ਨਾਲ ਕਿਹੜਾ ਅਸਮਾਨ ਡਿੱਗ ਪੈਣਾ ਹੈ। ਖਾਹ ਮਖਾਹ ਕਿਉਂ ਇਹ ਅਹਿਸਾਸ ਪੈਦਾ ਕੀਤਾ ਜਾਵੇ ਕਿ ਹਿੰਦੂ ਭਾਰਤ ਦੇ ਨੰਬਰ ਇੱਕ ਸ਼ਹਿਰੀ ਹਨ ਤੇ ਦੂਜੇ ਦੋ ਨੰਬਰ। ਨਾਲੇ ਅੰਮ੍ਰਿਤਸਰ ਅਤੇ ਬਨਾਰਸ ਦੀ ਪਵਿਤਰਤਾ ਕਿਸ ਕੋਲੋਂ ਗੁੱਝੀ ਹੈ। ਇਹਨਾਂ ਦੀ ਪਵਿਤਰਤਾ ਦੇ ਝੰਡਾ ਬਰਦਾਰ ਹੀ ਇਹਨਾਂ ਸਥਾਨਾਂ ਨੂੰ ਅਪਵਿੱਤਰ ਕਰਨ ਵਿੱਚ ਸਭ ਤੋਂ ਅੱਗੇ ਹਨ।

ਸੋ ਗੱਲ ਨੂੰ ਫਿਰਕੂ ਅਤੇ ਸੌੜੇ ਸਿਆਸੀ ਹਿੱਤਾਂ ਤੋਂ ਉੱਪਰ ਉਠਕੇ ਨਜਿਠਣ ਕੇਂਦਰੀ ਸਰਕਾਰ ਦਾ ਫਰਜ਼ ਬਣਦਾ ਹੈ ਅਤੇ ਇਸ ਕੰਮ ਵਿਚ ਕਿਵੇਂ ਵੀ ਦੇਰੀ ਨਹੀਂ ਹੋਣੀ ਚਾਹੀਦੀ।

ਹਿੰਦੂ ਫਿਰਕਾ ਪ੍ਰਸਤੀ ਨੂੰ ਵੀ ਇਸਦਾ ਵਿਰੋਧ ਤਿਆਗ ਦੇਣਾ ਚਾਹੀਦਾ ਹੈ। ਜੇ ਉਹ ਸਾਰੇ ਭਾਰਤ ਵਿਚ ਬਹੁ ਗਿਣਤੀ ਵਿੱਚ ਹੋਕੇ ਵੀ ਹੁਣ ਤੱਕ ਫੰਨੂ ਨਹੀਂ ਖੋਹ ਸਕੇ ਤਾਂ ਅਕਾਲੀਆਂ ਸਹੀ ਤਰੀਕੇ ਦਾ ਪੰਜਾਬ ਬਣਾਕੇ ਕਿਹੜਾ ਕਿਸੇ ਦੀ ਕੰਧ ਢਾਹ ਲੈਣੀ ਹੈ

ਬਹੁਤੇ ਗਏ ਤਾਂ ਇਕ ਅੱਧ ਵਾਰ ਫੇਰ ਸਰਕਾਰ ਬਣਾ ਲੈਣਗੇ—ਉਹ ਵੀ ਹਿੰਦੂ ਫਿਰਕਾ ਪ੍ਰਸਤਾਂ ਦੀ ਸਹਾਇਤਾ ਨਾਲ। ਫਿਰਕਾ ਪ੍ਰਸਤੀ ਨੇ ਤਾਂ ਆਖਰ ਢਹਿ ਢੇਰੀ ਹੋਣਾ ਹੀ ਹੈ ਤੇ ਉਹੀ ਲੋਕ ਅੱਗੇ ਆਉਣਗੇ ਜੋ ਲੋਕਾਂ ਦੇ ਆਰਥਿਕ ਹਿੱਤਾਂ ਦੀ ਸਹੀ ਤਰੀਕੇ ਨਾਲ ਰਾਖੀ ਕਰਨ ਵਾਲੇ ਹੋਣਗੇ।

ਫੇਰ ਸੌੜੇ ਸਿਆਸੀ ਅਤੇ ਆਰਥਿਕ ਹਿੱਤਾਂ ਦੀ ਪੂਰਤੀ ਲਈ ਆਉਣ ਵਾਲੀ ਨਸਲ ਦੇ ਪੈਰੀਂ ਕੰਡੇ ਕਿਉਂ ਬੀਜੇ ਜਾਣ ਦੇਸ਼ ਨੂੰ ਇਕ ਮੁੱਠ ਕਰਦਿਆਂ ਕਰਦਿਆਂ ਕਿਧਰੇ ਟੋਟੇ ਹੀ ਨਾ ਕਰਵਾ ਬੈਠੀਏ।

ਕੁੱਝ ਲੋਕ ਇਹ ਵੀ ਆਖਦੇ ਹਨ ਕਿ ਕੱਲੇ ਸਿੱਖ ਹੀ ਪੰਜਾਬ ਦੇ ਮਸਲਿਆਂ ਬਾਰੇ ਕਿਉਂ ਲੜਦੇ ਹਨ। ਜੇ ਸੱਚ ਮੁੱਚ ਹੀ ਪੰਜਾਬ ਨਾਲ ਅਨਿਆ ਹੋਇਆ ਹੋਵੇ ਤਾਂ ਗੈਰ ਸਿੱਖ ਵੀ ਇਸ ਦੀ ਹਮਾਇਤ ਕਰਨ। ਇਸਦਾ ਜੁਆਬ ਇਹ ਹੈ ਕਿ ਪੰਜਾਬ ਦੀ ਆਰਥਿਕਤਾ ਖੇਤੀ ਬਾੜੀ ਪ੍ਰਧਾਨ ਹੈ ਤੇ ਜਿਆਦਾ ਕਿਸਾਨੀ ਸਿੱਖ ਹੈ। ਜੱਟ ਵੀ ਤੇ ਕਾਮੇ ਵੀ। ਜੇਕਰ ਪੰਜਾਬ ਨਾਲ ਵਿਤਕਰਾ ਹੁੰਦਾ ਹੈ ਤਾਂ ਇਸਦੀ ਜ਼ਮੀਨ ਨੂੰ ਚੁੱਕਕੇ ਕਿਤੇ ਨਹੀਂ ਲਿਜਾ ਸਕਣਗੇ। ਪਰ ਦੂਜੇ ਪਾਸੇ ਵਿਉਪਾਰੀ ਵਰਗ ਹੈ। ਹਿੰਦੂ ਫਿਰਕਾ ਪ੍ਰਸਤਾਂ। ਉਹਨਾਂ ਨੂੰ ਇਸ ਗੱਲ ਨਾਲ

ਕੋਈ ਬਹੁਤਾ ਫਰਕ ਨਹੀਂ ਪੈਣ ਲੱਗਾ। ਉਹ ਆਪਣੇ ਕਾਰਖਾਨੇ ਤੇ ਵਪਾਰ ਚੁੱਕ ਕੇ ਕਿਧਰੇ ਵੀ ਜਾ ਬੈਠਣਗੇ। ਇਸ ਲਈ ਇਹ ਲੜਾਈ ਸਿੱਖਾਂ ਨੂੰ ਹੀ ਲੜਨੀ ਪੈ ਰਹੀ ਹੈ। ਕਾਂਗਰਸ ਵਿਚਲੇ ਸਿੱਖਾਂ ਨੂੰ ਵੀ ਪੰਜਾਬ ਨਾਲ ਵਿਤਕਰਾ ਹੋਣ ਨਾਲ ਘਾਟਾ ਪੈਂਦਾ ਹੈ, ਪਰ ਸਰਦੇ-ਪੁੱਜਦੇ ਸਿੱਖ ਸਰਕਾਰ ਉੱਤੇ ਕਾਬਜ਼ ਹਨ ਤੇ ਓਹ ਉਧਰੋਂ ਘਾਟਾ ਪੂਰਾ ਕਰ ਸਕਦੇ ਹਨ ਇਸ ਲਈ ਨਹੀਂ ਬੋਲਦੇ। ਤੇ ਦੂਜੇ ਸਿੱਖਾਂ ਨੂੰ ਉਹਨਾਂ ਨੇ ਪਾਰਟੀ ਡਿਸਿਪਲਿਨ ਦੇ ਨਾਂ ਉੱਤੇ ਵਰਗਲਾ ਰੱਖਿਆ ਹੈ।

ਇਸ ਲਈ ਅਕਾਲੀ ਵੀ ਭਾਵੇਂ ਫਿਰਕੂ ਸਿੱਖ ਹੀ ਹਨ, ਪਰ ਫੇਰ ਵੀ ਉਹ ਇਸ ਧਰਤੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਤੇ ਇਸਨੂੰ ਹੁੰਦੇ ਲਾਭ ਹਾਣ ਨਾਲ ਉਹਨਾਂ ਨੂੰ ਵੀ ਲਾਭ ਹਾਨੀ ਪੁੱਜੇਗੀ। ਪਰ ਹਿੰਦੂ ਫਿਰਕਾ ਪ੍ਰਸਤੀ ਜਿਹੜੀ ਆਪਣੇ ਉਪਰੋਂ ਨਿਜੀ ਸੁਆਰਥ ਲਈ ਹੀ ਬੈਠੀ ਹੈ. ਨੂੰ ਇਸ ਗੱਲ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਲੱਗਦਾ। ਇਸ ਲਈ ਆਪਣੇ ਸੌੜੇ ਸਿਆਸੀ ਅਤੇ ਆਰਥਿਕ ਹਿੱਤਾਂ ਦੀ ਖ਼ਾਤਰ ਅੱਗ ਲਾਈ ਡੱਬੂ ਕੰਧ ਉੱਤੇ ਵਾਲਾ ਤਮਾਸ਼ਾ ਕਰੀ ਜਾਂਦੀ ਹੈ।

ਪੰਜਾਬ ਦੀਆਂ ਖੱਬੇ ਪੱਖੀ ਪਾਰਟੀਆਂ ਦਾ ਵੀ ਅਕਾਲੀਆਂ ਦੀਆਂ ਮੰਗਾਂ ਦਾ ਸਮਰਥਨ ਕਰਨ ਦਾ ਫਰਜ਼ ਬਣਦਾ ਹੈ। ਕਿਉਂਕਿ ਉਹਨਾਂ ਦੀ ਵੀ ਸਾਖ ਖੇਤੀਬਾੜੀ ਉੱਤੇ ਨਿਰਭਰ ਕਿਸਾਨਾਂ ਮਜ਼ਦੂਰਾਂ ਵਿਚ ਹੀ ਹੈ।

**ਜਗਰੂਪ ਸਿੰਘ ਰੂਪ**

---

# *ਮਸਲਾ ਰਾਵੀ ਬਿਆਸ ਦੇ ਪਾਣੀਆਂ ਦਾ......?*

ਐਮ. ਸੀ. ਭਾਰਦਵਾਜ
Ex-S. D. O. (Irrigation)

ਉਂਜ ਤਾਂ ਅਜ਼ਾਦੀ ਤੋਂ ਮਗਰੋਂ ਹੀ, ਕੇਂਦਰ ਵੱਲੋਂ ਉਸ ਹਰ ਪ੍ਰਾਂਤ ਨੂੰ ਦਬਾਉਣ (CRUSH) ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ,ਜਿਸ ਨੇ ਵੀ ਸੈਲਫ਼ਰਸਪੈਕਟ ਨਾਲ ਰਹਿਣਾ ਚਾਹਿਆ ਹੈ। ਪੰਜਾਬ ਬੰਗਾਲ, ਜੰਮੂ-ਕਸ਼ਮੀਰ, ਕੇਰਲਾ ਅਤੇ ਮਦਰਾਸ, ਪੰਜ ਅਜਿਹੇ ਸੂਬੇ ਹਨ ਜਿਨ੍ਹਾਂ ਨਹਿਰੂ ਖਾਨਦਾਨ ਦੀ ਹਕੂਮਤ ਸਾਹਮਣੇ, ਸਮੇਂ ਸਮੇਂ ਤੇ ਸਿਰ ਉਠਾ ਕੇ ਜੀਉਣ ਦਾ ਹੌਂਸਲਾ ਕੀਤਾ ਹੈ। ਪਹਿਲੇ ਵੀਹ ਸਾਲ ਤਾਂ ਕਿਵੇਂ ਨਾ ਕਿਵੇਂ ਗੁਜ਼ਰ ਹੀ ਗਏ ਸਨ ਪਰ ਸ੍ਰੀਮਤੀ 'ਪ੍ਰਿਯਦਰਸ਼ਨੀ' ਜੀ ਨੇ ਦਿੱਲੀ ਦੇ ਤਖ਼ਤ ਉੱਤੇ ਪਸੱਕਾ ਮਾਰਿਆ ਹੈ, ਇਨ੍ਹਾਂ ਪੰਜਾਂ ਸੂਬਿਆਂ ਦੀ ਭਾ ਦੀ ਬਣੀ ਹੋਈ ਹੈ। ਜੰਮੂ ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਬਹੁਤ ਮਜ਼ਬੂਤ ਹੈ, ਬੰਗਾਲ ਅਤੇ ਕੇਰਲਾ ਵਿਚ ਕਮਿਊਨਿਸਟਾਂ ਦਾ ਚੋਖਾ ਜ਼ੋਰ ਹੈ। ਮਦਰਾਸ ਵਿਚ ਵੀ ਸਥਾਨਕ ਪਾਰਟੀ ADMK ਜਾਂ DMK ਦੀ ਸੂਬਾ ਅਸੈਂਬਲੀ ਵਿਚ ਬਹੁ ਸੰਮਤੀ ਹੈ ਮਗਰ ਪੰਜਾਬ ਵਿਚ ਇਕ ਤੋਂ ਵਧ ਪਾਰਟੀਆਂ ਹੋਣ ਕਾਰਨ, ਕੇਂਦਰ ਦੀਆਂ ਜ਼ਿਆਦਤੀਆਂ ਵਿਰੁਧ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ। ਬਾਕੀ ਚੌਂਹ ਸੂਬਿਆਂ ਵਿਚ ਤਾਂ ਕਾਂਗਰਸ ਆਪਣੀ ਲਾਸ਼ ਹੀ ਧੂਣ ਦੀ ਕੋਸ਼ਿਸ਼ ਵਿਚ ਰਹਿੰਦੀ ਹੈ ਮਗਰ ਪੰਜਾਬ ਵਿਚ ਇਸ ਦੀ ਪਕੜ ਕਾਫੀ ਮਜ਼ਬੂਤ ਹੈ। ਇਸ ਤਰ੍ਹਾਂ ਜਦੋਂ ਵੀ ਦਿੱਲੀ ਦੀ ਕਾਂਗਰਸੀ ਸਰਕਾਰ ਵਲੋਂ ਕੋਈ ਧੱਕਾ ਕੀਤਾ ਜਾਂਦਾ ਹੈ, ਸੂਬੇ ਦੀ ਕਾਂਗਰਸੀ ਵਜ਼ਾਰਤ, ਸਿਰ ਝੁਕਾਉਣ ਤੋਂ ਸਿਵਾ ਹੋਰ ਕੁਛ ਨਹੀਂ ਕਰ ਸਕਦੀ ਨਤੀਜੇ ਵਜੋਂ ਪੰਜਾਬ ਨਾਲ ਅਨਿਆਏ ਹੋਰ ਵੀ ਵਧੇਰੇ ਹੁੰਦਾ ਹੈ !!! ਜਿਵੇਂ ਅੰਗਰੇਜ਼ ਹਿੰਦੁਸਤਾਨ ਨੂੰ ਕੱਚੇ ਮਾਲ ਦੀ ਮੰਡੀ ਵਜੋਂ ਵਰਤਦੇ ਸਨ ਬਿਲਕੁਲ ਉਵੇਂ ਹੀ ਅੱਜ, ਦਿੱਲੀ ਦੇ ਹਾਕਮ, ਪੰਜਾਬ ਨਾਲ ਕਰ ਰਹੇ ਹਨ ? ਕਦੇ ਪੰਜਾਬ ਦੀਆਂ ਹੱਦਾਂ ਕਸ਼ਮੀਰ ਤੋਂ ਸ਼ੁਰੂ ਹੋ ਕੇ ਕਾਬਲ ਕੰਧਾਰ ਨੂੰ ਜਾ ਲਗਦੀਆਂ ਸਨ ਪਰ ਬਦੇਸ਼ੀ ਅਤੇ ਦੇਸੀ ਸਰਮਾਏਦਾਰੀ ਅਤੇ ਉਸਦੇ ਏਜੰਟਾਂ ਨੇ, ਪੰਜਾਬ ਦਾ ਅਕਾਰ ਘਟਾ ਘਟਾ ਕੇ, ਇਸ ਹੱਦ ਤੀਕ ਛੋਟਾ ਕਰ ਕੇ ਰੱਖ ਦਿੱਤਾ ਹੈ ਕਿ ਅੱਜ ਢਾਈ-ਘੰਟਿਆਂ ਵਿਚ, ਪੰਜਾਬ ਦੀ ਲੰਮੀ ਤੋਂ ਲੰਮੀ ਸੜਕ ਨੂੰ ਟੱਪ ਜਾਈਦਾ ਹੈ (ਕਾਰ ਰਾਹੀ)...ਅਜ ਜੁਗਰਾਫ਼ੀਏ ਦੇ ਨਕਸ਼ੇ ਵਿਚ ਮਹਾਂ-ਪੰਜਾਬ, 'ਢਾਈ-ਘੰਟਾ ਪੰਜਾਬ' ਬਣਕੇ ਹੀ ਨਹੀਂ ਰਹਿ ਗਿਆ ਸਗੋਂ ਪੰਜਾਬੀ ਭਾਸ਼ਾ, ਕਲਚਰ ਅਤੇ ਅਰਥਚਾਰੇ ਉੱਤੇ ਵੀ ਭਾਰੀ ਸੱਟ ਮਾਰੀ ਗਈ ਹੈ...ਮਾਰੀ ਜਾ ਰਹੀ ਹੈ...ਜੋ ਹੇਠਲੀਆਂ ਸਤਰਾਂ ਤੋਂ ਸਪਸ਼ਟ ਹੋ ਜਾਵੇਗੀ...

### ਹਰਿਆਣੇ ਨੂੰ ਪਾਣੀ—ਘੋਰ ਬੇ-ਇਨਸਾਫੀ ?

ਅਜ਼ਾਦੀ ਤੋਂ ਪਹਿਲਾਂ ਬੀਕਾਨੇਰ ਸਟੇਟ, ਪੰਜਾਬ ਦਾ ਪਾਣੀ ਜ਼ਰੂਰ ਵਰਤਦੀ ਸੀ ਮਗਰ ਮੁੱਲ ਤਾਰਿਆ ਕਰਦੀ ਸੀ। ਅਜ਼ਾਦੀ ਤੋਂ ਮਗਰੋਂ ਪੰਜਾਬ ਨਾਲ ਹੋਰਨਾਂ ਮਸਲਿਆਂ ਤੋਂ ਇਲਾਵਾ, ਪਾਣੀ ਦੇ ਮਾਮਲੇ ਵਿਚ ਵੀ ਧੱਕਾ ਹੀ ਹੁੰਦਾ ਆਇਆ ਹੈ। ਸਾਡੇ ਨਾਲ ਤਾਂ ਕੀ ਨਹਿਰੂ, ਕੀ ਇੰਦਰਾ ਗਾਂਧੀ, ਕੀ ਬੰਸੀ ਲਾਲ ਤੇ ਕੀ ਗੁਲਜ਼ਾਰੀ ਲਾਲ ਨੰਦਾ ਸਭ ਨੇ ਮਤਰੇਈ ਮਾਂ ਵਾਲਾ ਸਲੂਕ ਹੀ ਕੀਤਾ ਹੈ :

### 1955 ਦਾ ਅਵਾਰਡ—ਪਹਿਲਾ ਧੱਕਾ;

ਪਾਣੀਆਂ ਦੇ ਮਾਮਲੇ ਵਿਚ ਸਭ ਤੋਂ ਪਹਿਲਾ ਅਨਿਆਏ

ਜਵਾਹਰ ਲਾਲ ਨਹਿਰੂ ਦੇ ਸਮੇਂ ਹੋਇਆ । ਭਾਵੇਂ ਅੰਤਰ-ਰਾਸ਼ਟਰੀ ਕਾਨੂੰਨ ਇਸ ਦੀ ਇਜਾਜ਼ਤ ਨਹੀਂ ਸਨ ਦਿੰਦੇ ਪਰ ਨਹਿਰੂ ਨੇ ਵਲਡ ਬੈਂਕ ਦੀ ਨਸੀਹਤ ਹੇਠ, ਪੰਜਾਬ ਦੇ ਪਾਣੀਆਂ ਵਿਚੋਂ 80 ਲੱਖ ਏਕੜ-ਫੁੱਟ ਪਾਣੀ ਰਾਜਸਥਾਨ ਨੂੰ ਮੁਫਤੋ ਮੁਫਤ ਹੀ ਦੇ ਦਿੱਤਾ ।

## ਦੂਸਰਾ ਧੱਕਾ ਐਮਰਜੈਂਸੀ—ਦੌਰਾਨ :

ਐਮਰਜੈਂਸੀ ਲਾਉਂਦੇ ਸਮੇਂ, ਨਾਹਰਾ ਤਾ ਬੇਸ਼ੱਕ 'ਗਰੀਬੀ ਹਟਾਉਣ ਦਾ ਲਾਇਆ ਮਗਰ ਹਕੀਕਤ ਵਿਚ ਇਹ (ਪੰਜਾਬ ਨੂੰ) 'ਰਗੜਾ ਲਗਾਓ' ਵਿਚ ਹੀ ਹੋ ਨਿਬੜਿਆ । ਸ੍ਰੀ ਮਤੀ ਇੰਦਰਾ ਗਾਂਧੀ ਅਤੇ ਉਸਦੇ ਲੈਫਟੀਨੈਂਟ ਬੰਸੀ ਲਾਲ ਨੇ ਰਾਵੀ-ਬਿਆਸ ਦੇ ਪਾਣੀਆਂ ਵਿਚੋਂ 28 ਲੱਖ ਏਕੜ ਫੁੱਟ ਦੀ ਜਗ੍ਹਾ ਵਿਚ 30 ਲੱਖ ਏਕੜ ਫੁੱਟ ਪਾਣੀ ਹਰਿਆਣੇ ਨੂੰ ਦਵਾ ਦਿਤਾ । ਇਸ ਤਰ੍ਹਾਂ ਹਰਿਆਣੇ ਨੂੰ ਉਸਦੇ ਹਿੱਸੇ ਨਾਲੋਂ ਲਗਪਗ ਸਵਾਇਆ ਪਾਣੀ ਦੇ ਦਿਤਾ ਗਿਆ । ਇਹ ਵੰਡ ਇਸ ਤਰ੍ਹਾਂ ਕੀਤੀ ਗਈ :—

| | |
|---|---|
| ਕੁਲ ਫਾਲਤੂ ਪਾਣੀ | 72 ਲੱਖ ਏਕੜ-ਫੁੱਟ |
| ਦਿੱਲੀ ਨੂੰ | 2 ਲੱਖ ਏਕੜ |
| ਬਾਕੀ | 70 ਲੱਖ ,, ,, |
| ਬਾਕੀ ਪਾਣੀ ਦਾ ਵੀ ਅੱਧ ਕਰ ਦਿੱਤਾ :— | |
| ਹਰਿਆਣਾ | 35 ਲੱਖ ਏਕੜ ਫੁੱਟ |
| ਪੰਜਾਬ | 35 ਲੱਖ ਏਕੜ ਫੁੱਟ |

## ਪੰਜ-ਦੋ-ਵੰਜੀ ਦਾ ਕਾਨੂੰਨ :

ਅਸਲ ਵਿਚ ਜਦੋਂ ਹਰਿਆਣਾ ਬਣਿਆ ਸੀ ਤਾਂ ਇਹ ਫੈਸਲਾ ਹੋਇਆ ਸੀ ਕਿ ਪੁਰਾਣੇ ਪੰਜਾਬ ਦੀ ਕੁਲ ਜਾਇਦਾਦ ਵਿਚੋਂ 40 ਪਰਸੈਂਟ ਹਿੱਸਾ ਹਰਿਆਣੇ ਨੂੰ ਮਿਲੇਗਾ...

ਮਗਰ ਪਾਣੀਆਂ ਦੀ ਵੰਡ ਕਰਦੇ ਵਕਤ ਇੰਦਰਾ ਗਾਂਧੀ ਹੋਰਾਂ ਆਪਣੇ ਹੀ ਬਣਾਏ ਉਪਰੋਕਤ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ । ਪੰਜ-ਦੋ-ਵੰਜੀ ਦੀ ਜਗ੍ਹਾ, ਅੱਧੋ ਅੱਧ ਕਰ ਦਿੱਤਾ !!!

## ਸਰਪਲਸ ਪਾਣੀ :

ਜੋ ਸ਼ਬਦ 'ਸਰਪਲਸ' ਬਾਰ ਬਾਰ ਵਰਤਿਆ ਜਾ ਰਿਹਾ ਹੈ ਇਸ ਤੋਂ ਭਾਵ ਇੰਜ ਹੈ :

ਰਾਵੀ ਬਿਆਸ ਦੇ ਕੁਲ ਪਾਣੀਆਂ ਵਿਚੋਂ, ਸਭ ਤੋਂ ਪਹਿਲਾਂ ਉਨ੍ਹਾਂ ਨਹਿਰਾਂ ਨੂੰ, ਉਸੇ ਤਰ੍ਹਾਂ ਪਾਣੀ ਮਿਲਦਾ ਰਹੇਗਾ ਜਿਵੇਂ 1955 ਤੋਂ ਪਹਿਲਾਂ ਮਿਲਦਾ ਸੀ । ਭਾਵ, ਪੁਰਾਣੀਆਂ ਨਹਿਰਾਂ (ਜਿਵੇਂ ਗੰਗ ਨਹਿਰ, ਅਪਰਬਾਰੀ ਦੁਆਬ ਆਦਿ) ਦਾ ਹਿੱਸਾ ਕਢਕੇ ਬਾਕੀ (ਸਰਪਲਸ) ਪਾਣੀ ਹੀ ਹਰਿਆਣੇ, ਪੰਜਾਬ ਆਦਿ ਵਿਚ ਵੰਡਿਆ ਜਾਵੇਗਾ ।

## ਪਾਣੀ ਕਿਵੇਂ ਵਧ ਗਿਆ...?

ਅੱਜ ਕਲ ਪੰਜਾਬ ਸਰਕਾਰ ਵੱਲੋਂ, ਤੁਹਾਡੇ ਅਦਾ ਕੀਤੇ ਟੈਕਸਾਂ ਵਿਚੋਂ, ਲੱਖਾਂ ਰੁਪਏ ਖਰਚ ਕੇ ਵੱਡੇ ਵੱਡੇ ਇਸ਼ਤਿਹਾਰ ਦਿਤੇ ਜਾ ਰਹੇ ਹਨ ਜਿਨ੍ਹਾਂ ਵਿਚ ਪੰਜਾਬ ਨੂੰ 1976 ਸਮਝੌਤੇ ਨਾਲੋਂ ਵਧੇਰੇ ਪਾਣੀ ਦਵਾਏ ਜਾਣ ਦੀਆਂ ਗੱਲਾਂ ਲੀਤੀਆਂ ਜਾ ਰਹੀਆਂ ਹਨ ।

1976 ਦੇ ਸਮਝੌਤੇ ਵਿਚ ਪਾਣੀ ਦੀ ਗਿਣਤੀ 1941-45 ਦੇ ਪੰਜੀ ਸਾਲਾਂ ਦੇ ਆਧਾਰ ਤੇ ਕੀਤੀ ਗਈ ਸੀ (Averge of 1921—1946) ਮਗਰ 1981 ਸਮਝੌਤੇ ਅੰਦਰ 1921--1960 ਦੇ ਚਾਲੀ ਸਾਲਾਂ ਦੇ ਰਿਕਾਰਡ ਮੁਤਾਬਕ ਕੀਤੀ ਗਈ ਹੈ ।

## ਰੀਕਾਰਡ ਕਿਉਂ ਬਦਲਿਆ :

ਅਕਸਰ ਇਹ ਵੇਖਿਆ ਜਾਂਦਾ ਹੈ ਕਿ ਜਿਸ ਵੀ ਆਦਮੀ ਜਾਂ ਸੰਸਥਾ ਨਾਲ ਧੋਖਾ ਕਰਨਾ ਹੋਵੇ, ਉਸ ਦੀ ਫਾਈਲ ਹੀ ਗੁੰਮ ਕਰ ਦਿੱਤੀ ਜਾਂਦੀ ਹੈ । ਜੇ ਫਾਈਲ ਗੁੰਮ ਨਾ ਕੀਤੀ ਜਾ ਸਕੇ ਤਾਂ ਫਿਰ ਰਿਕਾਰਡ ਹੀ ਬਦਲ ਦਿਤਾ ਜਾਂਦਾ ਹੈ...ਹੈ ਕਿ ਨਹੀਂ ? ਉਸੇ ਤਰ੍ਹਾਂ ਹੀ ਇੰਦਰਾ-ਸਰਕਾਰ ਨੇ ਕੀਤਾ । ਪਹਿਲਾਂ 1921—45 ਦੇ ਸਾਲਾਂ ਨੂੰ ਅਧਾਰ ਮੰਨਿਆ । ਦੁਬਾਰਾ 1921—1960 ਦੇ ਸਾਲਾਂ ਨੂੰ ! ਮੈਂ ਪੁਛਣਾ ਚਾਹਾਂਗਾ ਕਿ 1976 ਵਿਚ ਹੀ ਉਨ੍ਹਾਂ 1921—1960 ਨੂੰ ਕਿਉਂ ਨਾ ਅਧਾਰ ਮੰਨਿਆ ? ਕੀ ਉਸ ਵਕਤ 1945—1990 ਦਾ ਰਿਕਾਰਡ ਨਹੀਂ ਸੀ ਹੈਗਾ...?? ਤੇ ਜੇ 1976 ਵਿਚ 1976 ਵਿਚ 1921-45 ਦਾ ਰਿਕਾਰਡ ਚਲ ਸਕਦਾ ਸੀ, ਫਿਰ ਹੁਣ ਕਿਉਂ ਯਕਦਮ ਇਹ ਅਧਾਰ ਬਦਲ ਦਿੱਤਾ ?

ਵੈਸੇ 1961—1980 ਦਾ ਰਿਕਾਰਡ ਵੀ ਕਿਉਂ ਨਹੀਂ ਵੇਖਦੇ ? ਹੋ ਸਕਦਾ ਹੈ ਇਸ ਸਮੇਂ ਦੌਰਾਨ, ਕਈ ਸਾਲ, ਲਗਾਤਾਰ ਦਰਿਆਵਾਂ ਵਿਚ ਪਾਣੀ ਘੱਟ ਆਉਂਦਾ ਰਿਹਾ ਹੋਵੇ ਅਤੇ ਅੰਕ ਕਿਤੇ ਘੱਟ ਜਾਵੇ...?

ਇਸ ਤਰ੍ਹਾਂ ਜਾਪਦਾ ਹੈ ਕਿ ਜਿਹੜੇ ਸਾਲਾਂ ਵਿਚ ਵਧੇਰੇ ਪਾਣੀ ਆਉਂਦਾ ਰਿਹਾ, ਉਨ੍ਹਾਂ ਨੂੰ ਵੇਖ ਲਿਆ ਗਿਆ ਅਤੇ ਜਿਨ੍ਹਾਂ ਸਾਲਾਂ ਵਿਚ ਵਧੇਰੇ ਪਾਣੀ ਨਹੀਂ ਸੀ ਆਇਆ ਉਨ੍ਹਾਂ ਨੂੰ ਛੱਡ ਦਿਤਾ ਗਿਆ ਹੈ । ਝੱਟ ਝੱਟ ਰਿਕਾਰਡ ਬਦਲਣ ਦਾ ਕੀ ਮਤਲਬ ਹੁੰਦਾ ਹੈ...?

## ਯਮਨਾ ਦਾ ਪਾਣੀ ਕਿੱਥੇ ਗਿਆ ?

ਪਾਣੀਆਂ ਦੇ ਅੰਤਰ ਰਾਸ਼ਟਰੀ ਕਾਨੂੰਨ ਮੁਤਾਬਕ (ਸਾਡੇ ਦੇਸ਼ ਵਿਚ ਵੀ ਉਹੋ ਹੀ ਕਾਨੂੰਨ ਹੈ), ਜਿਨ੍ਹਾਂ ਸੂਬਿਆਂ ਥਾਣੀਂ ਕੋਈ ਦਰਿਆ ਲੰਘੇ ਉਨ੍ਹਾਂ ਹੀ ਸੂਬਿਆਂ ਥਾਣੀਂ ਕੋਈ ਦਰਿਆ ਲੰਘੇ ਉਨ੍ਹਾਂ ਹੀ ਸੂਬਿਆਂ ਦਾ ਦਰਿਆਈ ਪਾਣੀ ਤੇ ਹੱਕ ਹੋਵੇਗਾ ? ਪੰਜਾਬ ਦੀ ਵੰਡ

ਕੋਈ ਬਹੁਤਾ ਫਰਕ ਨਹੀਂ ਪੈਣ ਲੱਗਾ। ਉਹ ਆਪਣੇ ਕਾਰਖਾਨੇ ਤੇ ਵਪਾਰ ਚੁੱਕ ਕੇ ਕਿਧਰੇ ਵੀ ਜਾ ਬੈਠਣਗੇ। ਇਸ ਲਈ ਇਹ ਲੜਾਈ ਸਿੱਖਾਂ ਨੂੰ ਹੀ ਲੜਨੀ ਪੈ ਰਹੀ ਹੈ। ਕਾਂਗਰਸ ਵਿਚਲੇ ਸਿੱਖਾਂ ਨੂੰ ਵੀ ਪੰਜਾਬ ਨਾਲ ਵਿਤਕਰਾ ਹੋਣ ਨਾਲ ਘਾਟਾ ਪੈਂਦਾ ਹੈ, ਪਰ ਸਰਦੇ-ਪੁੱਜਦੇ ਸਿੱਖ ਸਰਕਾਰ ਉੱਤੇ ਕਾਬਜ਼ ਹਨ ਤੇ ਓਹ ਉਧਰੋਂ ਘਾਟਾ ਪੂਰਾ ਕਰ ਸਕਦੇ ਹਨ ਇਸ ਲਈ ਨਹੀਂ ਬੋਲਦੇ। ਤੇ ਦੂਜੇ ਸਿੱਖਾਂ ਨੂੰ ਉਹਨਾਂ ਨੇ ਪਾਰਟੀ ਡਿਸਿਪਲਿਨ ਦੇ ਨਾਂ ਉੱਤੇ ਵਰਗਲਾ ਰੱਖਿਆ ਹੈ।

ਇਸ ਲਈ ਅਕਾਲੀ ਵੀ ਭਾਵੇਂ ਫਿਰਕੂ ਸਿੱਖ ਹੀ ਹਨ, ਪਰ ਫੇਰ ਵੀ ਉਹ ਇਸ ਧਰਤੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਤੇ ਇਸਨੂੰ ਹੁੰਦੇ ਲਾਭ ਹਾਣ ਨਾਲ ਉਹਨਾਂ ਨੂੰ ਵੀ ਲਾਭ ਹਾਨੀ ਪੁੱਜੇਗੀ। ਪਰ ਹਿੰਦੂ ਫਿਰਕਾ ਪ੍ਰਸਤੀ ਜਿਹੜੀ ਆਪਣੇ ਉਪਰੇ ਨਿਜੀ ਸੁਆਰਥ ਲਈ ਹੀ ਬੈਠੀ ਹੈ. ਨੂੰ ਇਸ ਗੱਲ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਲੱਗਦਾ। ਇਸ ਲਈ ਆਪਣੇ ਸੌੜੇ ਸਿਆਸੀ ਅਤੇ ਆਰਥਿਕ ਹਿੱਤਾਂ ਦੀ ਖਾਤਰ ਅੱਗ ਲਾਈ ਡੱਬੂ ਕੰਧ ਉੱਤੇ ਵਾਲਾ ਤਮਾਸ਼ਾ ਕਰੀ ਜਾਂਦੀ ਹੈ।

ਪੰਜਾਬ ਦੀਆਂ ਖੱਬੇ ਪੱਖੀ ਪਾਰਟੀਆਂ ਦਾ ਵੀ ਅਕਾਲੀਆਂ ਦੀਆਂ ਮੰਗਾਂ ਦਾ ਸਮਰਥਨ ਕਰਨ ਦਾ ਫਰਜ਼ ਬਣਦਾ ਹੈ। ਕਿਉਂਕਿ ਉਹਨਾਂ ਦੀ ਵੀ ਸਾਖ ਖੇਤੀਬਾੜੀ ਉੱਤੇ ਨਿਰਭਰ ਕਿਸਾਨਾਂ ਮਜ਼ਦੂਰਾਂ ਵਿਚ ਹੀ ਹੈ।

ਜਗਰੂਪ ਸਿੰਘ ਰੂਪ

---

# ਮਸਲਾ ਰਾਵੀ ਬਿਆਸ ਦੇ ਪਾਣੀਆਂ ਦਾ.....?

ਐਮ. ਸੀ. ਭਾਰਦਵਾਜ
Ex-S. D. O. (Irrigation)

ਉਂਜ ਤਾਂ ਅਜ਼ਾਦੀ ਤੋਂ ਮਗਰੋਂ ਹੀ, ਕੇਂਦਰ ਵੱਲੋਂ ਉਸ ਹਰ ਪ੍ਰਾਂਤ ਨੂੰ ਦਬਾਉਣ (CRUSH) ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ,ਜਿਸ ਨੇ ਵੀ ਸੈਲਫ਼ਰਸਪੈਕਟ ਨਾਲ ਰਹਿਣਾ ਚਾਹਿਆ ਹੈ। ਪੰਜਾਬ ਬੰਗਾਲ, ਜੰਮੂ-ਕਸ਼ਮੀਰ, ਕੇਰਲਾ ਅਤੇ ਮਦਰਾਸ, ਪੰਜ ਅਜਿਹੇ ਸੂਬੇ ਹਨ ਜਿਨ੍ਹਾਂ ਨਹਿਰੂ ਖਾਨਦਾਨ ਦੀ ਹਕੂਮਤ ਸਾਹਮਣੇ, ਸਮੇਂ ਸਮੇਂ ਤੇ ਸਿਰ ਉਠਾ ਕੇ ਜੀਊਣ ਦਾ ਹੌਂਸਲਾ ਕੀਤਾ ਹੈ। ਪਹਿਲੇ ਵੀਹ ਸਾਲ ਤਾਂ ਕਿਵੇਂ ਨਾ ਕਿਵੇਂ ਗੁਜ਼ਰ ਹੀ ਗਏ ਸਨ ਪਰ ਸ੍ਰੀਮਤੀ 'ਪ੍ਰਿਯਦਰਸ਼ਨੀ' ਜੀ ਨੇ ਦਿੱਲੀ ਦੇ ਤਖਤ ਉੱਤੇ ਪਸੱਕਾ ਮਾਰਿਆ ਹੈ, ਇਨ੍ਹਾਂ ਪੰਜਾਂ ਸੂਬਿਆਂ ਦੀ ਭਾ ਦੀ ਬਣੀ ਹੋਈ ਹੈ। ਜੰਮੂ ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਬਹੁਤ ਮਜ਼ਬੂਤ ਹੈ, ਬੰਗਾਲ ਅਤੇ ਕੇਰਲ: ਵਿਚ ਕਮਿਊਨਿਸਟਾਂ ਦਾ ਚੋਖਾ ਜ਼ੋਰ ਹੈ। ਮਦਰਾਸ ਵਿਚ ਵੀ ਸਥਾਨਕ ਪਾਰਟੀ ADMK ਜਾਂ DMK ਦੀ ਸੂਬਾ ਅਸੈਂਬਲੀ ਵਿਚ ਬਹੁ ਸੰਮਤੀ ਹੈ ਮਗਰ ਪੰਜਾਬ ਵਿਚ ਇਕ ਤੋਂ ਵਧ ਪਾਰਟੀਆਂ ਹੋਣ ਕਾਰਨ, ਕੇਂਦਰ ਦੀਆਂ ਜ਼ਿਆਦਤੀਆਂ ਵਿਰੁਧ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ। ਬਾਕੀ ਚੌਹ ਸੂਬਿਆਂ ਵਿਚ ਤਾਂ ਕਾਂਗਰਸ ਆਪਣੀ ਲਾਸ਼ ਹੀ ਧੂਣ ਦੀ ਕੋਸ਼ਿਸ਼ ਵਿਚ ਰਹਿੰਦੀ ਹੈ ਮਗਰ ਪੰਜਾਬ ਵਿਚ ਇਸ ਦੀ ਪਕੜ ਕਾਫੀ ਮਜ਼ਬੂਤ ਹੈ। ਇਸ ਤਰ੍ਹਾਂ ਜਦੋਂ ਵੀ ਦਿੱਲੀ ਦੀ ਕਾਂਗਰਸੀ ਸਰਕਾਰ ਵਲੋਂ ਕੋਈ ਧੱਕਾ ਕੀਤਾ ਜਾਂਦਾ ਹੈ, ਸੂਬੇ ਦੀ ਕਾਂਗਰਸੀ ਵਜ਼ਾਰਤ, ਸਿਰ ਝੁਕਾਉਣ ਤੋਂ ਸਿਵਾ ਹੋਰ ਕੁਛ ਨਹੀਂ ਕਰ ਸਕਦੀ ਨਤੀਜੇ ਵਜੋਂ ਪੰਜਾਬ ਨਾਲ ਅਨਿਆਏ ਹੋਰ ਵੀ ਵਧੇਰੇ ਹੁੰਦਾ ਹੈ !!! ਜਿਵੇਂ ਅੰਗਰੇਜ਼ ਹਿੰਦੁਸਤਾਨ ਨੂੰ ਕੱਚੇ ਮਾਲ ਦੀ ਮੰਡੀ ਵਜੋਂ ਵਰਤਦੇ ਸਨ ਬਿਲਕੁਲ ਉਵੇਂ ਹੀ ਅੱਜ, ਦਿੱਲੀ ਦੇ ਹਾਕਮ, ਪੰਜਾਬ ਨਾਲ ਕਰ ਰਹੇ ਹਨ ? ਕਦੇ ਪੰਜਾਬ ਦੀਆਂ ਹੱਦਾਂ ਕਸ਼ਮੀਰ ਤੋਂ ਸ਼ੁਰੂ ਹੋ ਕੇ ਕਾਬਲ ਕੰਧਾਰ ਨੂੰ ਜਾ ਲਗਦੀਆਂ ਸਨ ਪਰ ਬਦੇਸ਼ੀ ਅਤੇ ਦੇਸੀ ਸਰਮਾਏਦਾਰੀ ਅਤੇ ਉਸਦੇ ਏਜੰਟਾਂ ਨੇ, ਪੰਜਾਬ ਦਾ ਅਕਾਰ ਘਟਾ ਘਟਾ ਕੇ, ਇਸ ਹੱਦ ਤੀਕ ਛੋਟਾ ਕਰ ਕੇ ਰੱਖ ਦਿੱਤਾ ਹੈ ਕਿ ਅੱਜ ਢਾਈ-ਘੰਟਿਆਂ ਵਿਚ, ਪੰਜਾਬ ਦੀ ਲੰਮੀ ਤੋਂ ਲੰਮੀ ਸੜਕ ਨੂੰ ਟੱਪ ਜਾਈਦਾ ਹੈ (ਕਾਰ ਰਾਹੀ)...ਅਜ ਜੁਗਰਾਫ਼ੀਏ ਦੇ ਨਕਸ਼ੇ ਵਿਚ ਮਹਾਂ-ਪੰਜਾਬ, 'ਢਾਈ-ਘੰਟਾ ਪੰਜਾਬ' ਬਣਕੇ ਹੀ ਨਹੀਂ ਰਹਿ ਗਿਆ ਸਗੋਂ ਪੰਜਾਬੀ ਭਾਸ਼ਾ, ਕਲਚਰ ਅਤੇ ਅਰਥਚਾਰੇ ਉੱਤੇ ਵੀ ਭਾਰੀ ਸੱਟ ਮਾਰੀ ਗਈ ਹੈ...ਮਾਰੀ ਜਾ ਰਹੀ ਹੈ...ਜੋ ਹੇਠਲੀਆਂ ਸਤਰਾਂ ਤੋਂ ਸਪਸ਼ਟ ਹੋ ਜਾਵੇਗੀ...

## ਹਰਿਆਣੇ ਨੂੰ ਪਾਣੀ—ਘੋਰ ਬੇ-ਇਨਸਾਫੀ ?

ਅਜ਼ਾਦੀ ਤੋਂ ਪਹਿਲਾਂ ਬੀਕਾਨੇਰ ਸਟੇਟ, ਪੰਜਾਬ ਦਾ ਪਾਣੀ ਜ਼ਰੂਰ ਵਰਤਦੀ ਸੀ ਮਗਰ ਮੁੱਲ ਤਾਰਿਆ ਕਰਦੀ ਸੀ। ਅਜ਼ਾਦੀ ਤੋਂ ਮਗਰੋਂ ਪੰਜਾਬ ਨਾਲ ਹੋਰਨਾਂ ਮਸਲਿਆਂ ਤੋਂ ਇਲਾਵਾ, ਪਾਣੀ ਦੇ ਮਾਮਲੇ ਵਿਚ ਵੀ ਧੱਕਾ ਹੀ ਹੁੰਦਾ ਆਇਆ ਹੈ। ਸਾਡੇ ਨਾਲ ਤਾਂ ਕੀ ਨਹਿਰੂ, ਕੀ ਇੰਦਰਾ ਗਾਂਧੀ, ਕੀ ਬੰਸੀ ਲਾਲ ਤੇ ਕੀ ਗੁਲਜ਼ਾਰੀ ਲਾਲ ਨੰਦਾ ਸਭ ਨੇ ਮਤਰੇਈ ਮਾਂ ਵਾਲਾ ਸਲੂਕ ਹੀ ਕੀਤਾ ਹੈ :

## 1955 ਦਾ ਅਵਾਰਡ—ਪਹਿਲਾ ਧੱਕਾ;

ਪਾਣੀਆਂ ਦੇ ਮਾਮਲੇ ਵਿਚ ਸਭ ਤੋਂ ਪਹਿਲਾ ਅਨਿਆਏ

ਜਵਾਹਰ ਲਾਲ ਨਹਿਰੂ ਦੇ ਸਮੇਂ ਹੋਇਆ । ਭਾਵੇਂ ਅੰਤਰ-ਰਾਸ਼ਟਰੀ ਕਾਨੂੰਨ ਇਸ ਦੀ ਇਜਾਜ਼ਤ ਨਹੀਂ ਸਨ ਦਿੰਦੇ ਪਰ ਨਹਿਰੂ ਨੇ ਵਲਡ ਬੈਂਕ ਦੀ ਨਸੀਹਤ ਹੇਠ, ਪੰਜਾਬ ਦੇ ਪਾਣੀਆਂ ਵਿਚੋਂ 80 ਲੱਖ ਏਕੜ-ਫੁੱਟ ਪਾਣੀ ਰਾਜਸਥਾਨ ਨੂੰ ਮੁਫਤੋ ਮੁਫਤ ਹੀ ਦੇ ਦਿੱਤਾ ।

**ਦੂਸਰਾ ਧੱਕਾ ਐਮਰਜੈਂਸੀ—ਦੌਰਾਨ :**

ਐਮਰਜੈਂਸੀ ਲਾਉਂਦੇ ਸਮੇਂ, ਨਾਹਰਾ ਤਾਂ ਬੇਸ਼ੱਕ 'ਗਰੀਬੀ ਹਟਾਉਣ ਦਾ ਲਾਇਆ ਮਗਰ ਹਕੀਕਤ ਵਿਚ ਇਹ (ਪੰਜਾਬ ਨੂੰ) 'ਰਗੜਾ ਲਗਾਓ' ਵਿਚ ਹੀ ਹੋ ਨਿਬੜਿਆ । ਸ੍ਰੀ ਮਤੀ ਇੰਦਰਾ ਗਾਂਧੀ ਅਤੇ ਉਸਦੇ ਲੈਫਟੀਨੈਂਟ ਬੰਸੀ ਲਾਲ ਨੇ ਰਾਵੀ-ਬਿਆਸ ਦੇ ਪਾਣੀਆਂ ਵਿਚੋਂ 28 ਲੱਖ ਏਕੜ ਫੁੱਟ ਦੀ ਜਗ੍ਹਾ ਵਿਚ 30 ਲੱਖ ਏਕੜ ਫੁੱਟ ਪਾਣੀ ਹਰਿਆਣੇ ਨੂੰ ਦਵਾ ਦਿਤਾ । ਇਸ ਤਰ੍ਹਾਂ ਹਰਿਆਣੇ ਨੂੰ ਉਸਦੇ ਹਿੱਸੇ ਨਾਲੋਂ ਲਗਪਗ ਸਵਾਇਆ ਪਾਣੀ ਦੇ ਦਿਤਾ ਗਿਆ । ਇਹ ਵੰਡ ਇਸ ਤਰ੍ਹਾਂ ਕੀਤੀ ਗਈ :—

| | |
|---|---|
| ਕੁਲ ਫਾਲਤੂ ਪਾਣੀ | 72 ਲੱਖ ਏਕੜ-ਫੁੱਟ |
| ਦਿੱਲੀ ਨੂੰ | 2 ਲੱਖ ਏਕੜ |
| ਬਾਕੀ | 70 ਲੱਖ ,, ,, |
| ਬਾਕੀ ਪਾਣੀ ਦਾ ਵੀ ਅੱਧ ਕਰ ਦਿੱਤਾ :— | |
| ਹਰਿਆਣਾ | 35 ਲੱਖ ਏਕੜ ਫੁੱਟ |
| ਪੰਜਾਬ | 35 ਲੱਖ ਏਕੜ ਫੁੱਟ |

**ਪੰਜ-ਦੋ-ਵੰਜੀ ਦਾ ਕਾਨੂੰਨ :**

ਅਸਲ ਵਿਚ ਜਦੋਂ ਹਰਿਆਣਾ ਬਣਿਆ ਸੀ ਤਾਂ ਇਹ ਫੈਸਲਾ ਹੋਇਆ ਸੀ ਕਿ ਪੁਰਾਣੇ ਪੰਜਾਬ ਦੀ ਕੁਲ ਜਾਇਦਾਦ ਵਿਚੋਂ 40 ਪਰਸੈਂਟ ਹਿੱਸਾ ਹਰਿਆਣੇ ਨੂੰ ਮਿਲੇਗਾ...

ਮਗਰ ਪਾਣੀਆਂ ਦੀ ਵੰਡ ਕਰਦੇ ਵਕਤ ਇੰਦਰਾ ਗਾਂਧੀ ਹੋਰਾਂ ਆਪਣੇ ਹੀ ਬਣਾਏ ਉਪਰੋਕਤ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ । ਪੰਜ-ਦੋ-ਵੰਜੀ ਦੀ ਜਗ੍ਹਾ, ਅੱਧੋ ਅੱਧ ਕਰ ਦਿੱਤਾ !!!

**ਸਰਪਲਸ ਪਾਣੀ :**

ਜੋ ਸ਼ਬਦ 'ਸਰਪਲਸ' ਬਾਰ ਬਾਰ ਵਰਤਿਆ ਜਾ ਰਿਹਾ ਹੈ ਇਸ ਤੋਂ ਭਾਵ ਇੰਜ ਹੈ :

ਰਾਵੀ ਬਿਆਸ ਦੇ ਕੁਲ ਪਾਣੀਆਂ ਵਿਚੋਂ, ਸਭ ਤੋਂ ਪਹਿਲਾਂ ਉਨ੍ਹਾਂ ਨਹਿਰਾਂ ਨੂੰ, ਉਸੇ ਤਰ੍ਹਾਂ ਪਾਣੀ ਮਿਲਦਾ ਰਹੇਗਾ ਜਿਵੇਂ 1955 ਤੋਂ ਪਹਿਲਾਂ ਮਿਲਦਾ ਸੀ । ਭਾਵ, ਪੁਰਾਣੀਆਂ ਨਹਿਰਾਂ (ਜਿਵੇਂ ਗੰਗ ਨਹਿਰ, ਅਪਰਬਾਰੀ ਦੁਆਬ ਆਦਿ) ਦਾ ਹਿੱਸਾ ਕਢਕੇ ਬਾਕੀ (ਸਰਪਲਸ) ਪਾਣੀ ਹੀ ਹਰਿਆਣੇ, ਪੰਜਾਬ ਆਦਿ ਵਿਚ ਵੰਡਿਆ ਜਾਵੇਗਾ ।

**ਪਾਣੀ ਕਿਵੇਂ ਵਧ ਗਿਆ...?**

ਅੱਜ ਕਲ ਪੰਜਾਬ ਸਰਕਾਰ ਵੱਲੋਂ, ਤੁਹਾਡੇ ਅਦਾ ਕੀਤੇ ਟੈਕਸਾਂ ਵਿਚੋਂ, ਲੱਖਾਂ ਰੁਪਏ ਖਰਚ ਕੇ ਵੱਡੇ ਵੱਡੇ ਇਸ਼ਤਿਹਾਰ ਦਿਤੇ ਜਾ ਰਹੇ ਹਨ ਜਿਨ੍ਹਾਂ ਵਿਚ ਪੰਜਾਬ ਨੂੰ 1976 ਸਮਝੌਤੇ ਨਾਲੋਂ ਵਧੇਰੇ ਪਾਣੀ ਦਵਾਏ ਜਾਣ ਦੀਆਂ ਗੱਲਾਂ ਲੀਤੀਆਂ ਜਾ ਰਹੀਆਂ ਹਨ ।

1976 ਦੇ ਸਮਝੌਤੇ ਵਿਚ ਪਾਣੀ ਦੀ ਗਿਣਤੀ 1921-45 ਦੇ ਪੰਝੀ ਸਾਲਾਂ ਦੇ ਆਧਾਰ ਤੇ ਕੀਤੀ ਗਈ ਸੀ (Averge of 1921—1946) ਮਗਰ 1981 ਸਮਝੌਤੇ ਅੰਦਰ 1921--1960 ਦੇ ਚਾਲੀ ਸਾਲਾਂ ਦੇ ਰਿਕਾਰਡ ਮੁਤਾਬਕ ਕੀਤੀ ਗਈ ਹੈ ।

**ਰੀਕਾਰਡ ਕਿਉਂ ਬਦਲਿਆ :**

ਅਕਸਰ ਇਹ ਵੇਖਿਆ ਜਾਂਦਾ ਹੈ ਕਿ ਜਿਸ ਵੀ ਆਦਮੀ ਜਾਂ ਸੰਸਥਾ ਨਾਲ ਧੋਖਾ ਕਰਨਾ ਹੋਵੇ, ਉਸ ਦੀ ਫਾਈਲ ਹੀ ਗੁੰਮ ਕਰ ਦਿੱਤੀ ਜਾਂਦੀ ਹੈ । ਜੇ ਫਾਈਲ ਗੁੰਮ ਨਾ ਕੀਤੀ ਜਾ ਸਕੇ ਤਾਂ ਫਿਰ ਰਿਕਾਰਡ ਹੀ ਬਦਲ ਦਿਤਾ ਜਾਂਦਾ ਹੈ...ਹੈ ਕਿ ਨਹੀਂ ? ਉਸੇ ਤਰ੍ਹਾਂ ਹੀ ਇੰਦਰਾ-ਸਰਕਾਰ ਨੇ ਕੀਤਾ । ਪਹਿਲਾਂ 1921—45 ਦੇ ਸਾਲਾਂ ਨੂੰ ਅਧਾਰ ਮੰਨਿਆ । ਦੁਬਾਰਾ 1921—1960 ਦੇ ਸਾਲਾਂ ਨੂੰ ! ਮੈਂ ਪੁਛਣਾ ਚਾਹਾਂਗਾ ਕਿ 1976 ਵਿਚ ਹੀ ਉਨ੍ਹਾਂ 1921—1960 ਨੂੰ ਕਿਉਂ ਨਾ ਅਧਾਰ ਮੰਨਿਆ ? ਕੀ ਉਸ ਵਕਤ 1945—1960 ਦਾ ਰਿਕਾਰਡ ਨਹੀਂ ਸੀ ਹੈਗਾ...?? ਤੇ ਜੇ 1976 ਵਿਚ 1976 ਵਿਚ 1921-45 ਦਾ ਰਿਕਾਰਡ ਚਲ ਸਕਦਾ ਸੀ, ਫਿਰ ਹੁਣ ਕਿਉਂ ਯਕਦਮ ਇਹ ਅਧਾਰ ਬਦਲ ਦਿੱਤਾ ?

ਵੈਸੇ 1961—1980 ਦਾ ਰਿਕਾਰਡ ਵੀ ਕਿਉਂ ਨਹੀਂ ਵੇਖਦੇ ? ਹੋ ਸਕਦਾ ਹੈ ਇਸ ਸਮੇਂ ਦੌਰਾਨ, ਕਈ ਸਾਲ, ਲਗਾਤਾਰ ਦਰਿਆਵਾਂ ਵਿਚ ਪਾਣੀ ਘੱਟ ਆਉਂਦਾ ਰਿਹਾ ਹੋਵੇ ਅਤੇ ਅੰਕ ਕਿਤੇ ਘੱਟ ਜਾਵੇ...?

ਇਸ ਤਰ੍ਹਾਂ ਜਾਪਦਾ ਹੈ ਕਿ ਜਿਹੜੇ ਸਾਲਾਂ ਵਿਚ ਵਧੇਰੇ ਪਾਣੀ ਆਉਂਦਾ ਰਿਹਾ, ਉਨ੍ਹਾਂ ਨੂੰ ਵੇਖ ਲਿਆ ਗਿਆ ਅਤੇ ਜਿਨ੍ਹਾਂ ਸਾਲਾਂ ਵਿਚ ਵਧੇਰੇ ਪਾਣੀ ਨਹੀਂ ਸੀ ਆਇਆ ਉਨ੍ਹਾਂ ਨੂੰ ਛੱਡ ਦਿਤਾ ਗਿਆ ਹੈ । ਝੱਟ ਝੱਟ ਰਿਕਾਰਡ ਬਦਲਣ ਦਾ ਕੀ ਮਤਲਬ ਹੁੰਦਾ ਹੈ...?

**ਯਮਨਾ ਦਾ ਪਾਣੀ ਕਿੱਥੇ ਗਿਆ ?**

ਪਾਣੀਆਂ ਦੇ ਅੰਤਰ ਰਾਸ਼ਟਰੀ ਕਾਨੂੰਨ ਮੁਤਾਬਕ (ਸਾਡੇ ਦੇਸ਼ ਵਿਚ ਵੀ ਉਹੋ ਹੀ ਕਾਨੂੰਨ ਹੈ), ਜਿਨ੍ਹਾਂ ਸੂਬਿਆਂ ਥਾਣੀਂ ਕੋਈ ਦਰਿਆ ਲੰਘੇ ਉਨ੍ਹਾਂ ਹੀ ਸੂਬਿਆਂ ਥਾਣੀਂ ਕੋਈ ਦਰਿਆ ਲੰਘੇ ਉਨ੍ਹਾਂ ਹੀ ਸੂਬਿਆਂ ਦਾ ਦਰਿਆਈ ਪਾਣੀ ਤੇ ਹੱਕ ਹੋਵੇਗਾ ? **ਪੰਜਾਬ ਦੀ ਵੰਡ**

ਤੋਂ ਪਹਿਲਾਂ ਯਮੁਨਾ ਵੀ ਤਾਂ ਪੰਜਾਬ ਵਿਚ ਹੀ ਵਗਦਾ ਸੀ। ਉਸ ਦੇ ਹਿਸੇ ਵਿਚੋਂ ਵੀ ਪੰਜ-ਦੋ-ਵੰਜੀ ਦੇ ਅਸੂਲ ਮੁਤਾਬਕ ਪੰਜਾਬ ਦਾ 60% ਹਿੱਸਾ ਬਣਦਾ ਹੈ ਮਗਰ ਯਮੁਨਾ ਦੇ ਹਿੱਸੇ ਵਿਚੋਂ ਪੰਜਾਬ ਨੂੰ 1965 ਤੋਂ ਪਹਿਲਾਂ ਇਕ ਪਰਸੈਂਟ ਵੀ ਪਾਣੀ ਨਹੀਂ ਦਿਤਾ ਜਾ ਰਿਹਾ ..? ਕੀ ਯਮੁਨਾ ਦਰਿਆ ਪੰਜਾਬ ਵਿਚ ਵਗਦਾ ਨਹੀਂ ਸੀ ? ਇਹ ਧੱਕਾ ਕਿਉਂ :

**ਉਦਘਾਟਨ SYL :**

ਨਹਿਰ ਵੀ ਕੁਲ ਲੰਬਾਈ 10 ਕਿਲੋਮੀਟਰ ਦੇ ਕਰੀਬ ਹੈ—ਨਹਿਰ ਦੀ ਰੂਪ ਰੇਖਾ (Alignment) ਦਾ ਫ਼ੈਸਲਾ ਅਜੇ ਤੀਕ ਨਹੀਂ ਹੋਇਆ ਸਿਰਫ 4 ਕਿਲੋ-ਮੀਟਰ ਲਈ ਲੁੜੀਂਦੀ ਥਾਂ ਦੀ ਹੀ ਹਾਲੇ ਨਿਸ਼ਾਨਦੇਹੀ ਹੋਈ ਹੈ ਮਗਰ ਉਦਘਾਟਨ ਪਹਿਲਾਂ ਹੀ ਕਰਨ ਆਣ ਪੁੱਜੇ ਸਨ...? ਭਲਾ ਉਨ੍ਹਾਂ ਨੂੰ ਕੋਈ ਪੁੱਛੇ ਕਿ ਪਹਿਲਾਂ ਜ਼ਮੀਨ ਖਰੀਦੀ ਜਾਂਦੀ ਹੈ ਕਿ ਕੋਠਾ ਪਾ ਦਿਤਾ ਜਾਂਦਾ ਹੈ...? ਨਹਿਰ ਦੀ ਅਲਾਈਨਮੈਂਟ ਹਾਲੇ ਫਿਕਸ ਨਹੀਂ ਹੋਈ ਅਤੇ ਉਦਘਾਟਨ ਪਹਿਲਾਂ ਹੀ ਕਰ ਦਿਤਾ ਗਿਆ ਹੈ...?

**ਪੰਜਾਬ ਵਿਚ ਪਾਣੀ ਦੀ ਘਾਟ :**

ਅੰਮ੍ਰਿਤਸਰ-ਗੁਰਦਾਸਪੁਰ ਦੇ ਇਲਾਕੇ ਵਿਚ ਵੀ (ਜਿਥੋਂ ਬਿਸਤ-ਦੋਆਬ ਵਰਗੀਆਂ ਮਿੱਠੇ ਪਾਣੀਆਂ ਵਾਲੀਆਂ ਨਹਿਰਾਂ ਲੰਘਦੀਆਂ ਹਨ) ਪਾਣੀ ਦੀ ਬਹੁਤ ਕਮੀ ਹੈ। ਬਿਜਲੀ ਰਾਣੀ ਦੇ ਉਂਜ ਚੌਵੀਆਂ ਘੰਟਿਆਂ ਵਿਚੋਂ **ਵੀਹ ਘੰਟੇ** ਦਰਸ਼ਨ ਨਹੀਂ ਹੁੰਦੇ। ਫਸਲਾਂ ਪਾਣੀ ਖੁਣੋਂ ਸੁੱਕ ਜਾਂਦੀਆਂ ਹਨ। ਥੁੜ ਕਾਰਨ ਜ਼ਿਮੀਦਾਰ, ਨਹਿਰੀ ਪਾਣੀ ਦੀ ਚੋਰੀ ਕਰਨ ਲਈ ਮਜਬੂਰ ਹੁੰਦੇ ਹਨ। ਨਹਿਰ ਵਿਚੋਂ ਪਾਈਪ ਰਾਹੀਂ ਪਾਣੀ ਕੱਢ ਲੈਂਦੇ ਹਨ। ਜਦੋਂ ਚੰਦ ਮੋਟੇ ਜ਼ਿਮੀਂਦਾਰ ਅਜਿਹਾ ਕਰਦੇ ਹਨ, ਉਨ੍ਹਾਂ ਦੇ ਅਨੇਕਾਂ ਭਰਾ ਜੋ ਨਹਿਰ ਦੀ ਟੇਲ ਉੱਪਰ ਰਹਿੰਦੇ ਹਨ, ਪਾਣੀ ਨੂੰ ਤਰਸਦੇ ਰਹਿ ਜਾਂਦੇ ਹਨ। ਓਵਰਸੀਅਰਾਂ/ਐਸ. ਡੀ. ਓ. ਨਾਲ ਝਗੜੇ ਵੱਖ ਹੁੰਦੇ ਹਨ—ਜੋ ਚੋਰੀ ਤੋਂ ਡਰਦੇ ਹਨ। ਜਦੋਂ ਕਿਸਾਨ ਮੁਲਾਜ਼ਮ ਆਪਸ ਵਿਚ ਉਲਝ ਰਹੇ ਹਨ—ਪਿੱਛੇ ਜਿਹੇ ਮੇਰੇ ਇਕ ਜਮਾਤੀ ਨਹਿਰੀ ਅਫਸਰ ਨੂੰ, ਕੁਝ ਜਗੀਰਦਾਰ, ਕੁੱਟ ਕੇ ਹੀ ਮਾਰ ਦਿੰਦੇ ਅਗਰ ਉਸਦੀ ਉੱਚੀ ਲੰਮੀ ਧਰਮ ਪਤਨੀ ਡਾਂਗ ਚੁੱਕ ਕੇ, ਦੋ ਗੁੰਡਿਆਂ ਦੇ ਸਿਰ ਨਾ ਪਾੜ ਦਿੰਦੀ ! ਇਹ ਘਟਨਾ ਅੰਮ੍ਰਿਤਸਰ ਤਹਿਸੀਲ* ਵਿਚ ਹੋਈ ਸੀ, ਠੀਕ ਉਸੇ ਸ਼ਹਿਰ ਵਿਚ ਜਿਥੇ ਇੰਦਰਾ ਸਰਕਾਰ ਨੇ ਹੁਣੇ ਹੁਣੇ ਇਕ **ਪੰਜ-ਸਟਾਰੀ** ਹੋਟਲ ਉਸਾਰਿਆ ਹੈ ! ਕੀ ਇਹੋ ਪੈਸਾ ਉਹ ਵਧੇਰੇ ਨਹਿਰਾਂ ਬਨਾਉਣ ਤੇ ਨਹੀ ਸਨ ਖਰਚ ਸਕਦੇ ? ਬਹੁਤ ਸਾਰੀਆਂ ਨਹਿਰਾਂ/ਸੂਏ ਹਾਲੇ ਵੀ 'ਛਿਮਾਹੀ' ਹਨ। ਪਾਕਿਸਤਾਨ ਨੂੰ ਕਈਆਂ ਸਾਲਾਂ ਤੋਂ ਲੱਖਾਂ ਏਕੜ ਧਰਤੀ ਨੂੰ ਸਿੰਜਣ ਜੋਗਾ ਪਾਣੀ ਜਾ ਰਿਹਾ ਹੈ ਮਗਰ ਪੰਜਾਬੀਆਂ ਦੀਆਂ ਫਸਲਾਂ ਪਾਣੀ ਖੁਣੋਂ ਸੁੱਕ ਸੜ ਜਾਂਦੀਆਂ ਹਨ। ਬਠਿੰਡੇ—ਫਰੀਦਕੋਟ ਆਦਿ ਜ਼ਿਲਿਆਂ ਵਿਚ ਤਾਂ ਉਂਜ ਵੀ ਪਾਣੀ ਹੀ ਖਾਰਾ ਹੈ। ਉਥੇ ਨਹਿਰੀ ਪਾਣੀ ਦੀ ਹੋਰ ਵੀ ਵਧੇਰੇ ਲੋੜ ਹੈ। ਕਈ ਕਈ ਥਾਈਂ ਪੰਦਰਾਂ ਪੰਦਰਾਂ, ਵੀਹ-ਵੀਹ ਮਿੰਟ (ਪ੍ਰਤੀ ਕਿੱਲਾ) ਲਈ ਹੀ ਪਾਣੀ ਲਾਉਣ ਨੂੰ ਮਿਲਦਾ ਹੈ। ਪਰ ਵੇਖੋ ਰੰਗ ਸਰਕਾਰ ਦੇ ਜਿਸ 7,00000 ਏਕੜ ਧਰਤੀ ਨੂੰ ਸਿੰਜਣ ਜੋਗਾ ਪਾਣੀ ਐਸ. ਵਾਈ. ਐਲ. ਨਹਿਰ ਰਾਹੀਂ ਹਰਿਆਣੇ ਨੂੰ ਦੇਣਾ ਮੰਨ ਲਿਆ ਹੈ !!!

**ਪਾਕਿਸਤਾਨ ਨੂੰ ਜਾਣ ਵਾਲਾ ਪਾਣੀ :**

ਪੰਜਾਬੀਆਂ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਹਰਿਆਣੇ ਨੂੰ ਤਾਂ ਉਹੋ ਪਾਣੀ ਦਿੱਤਾ ਜਾਵੇਗਾ ਜੋ ਪਾਕਿਸਤਾਨ ਨੂੰ ਜਾ ਰਿਹਾ ਹੈ...ਪਰ ਇਹ ਕਿਸੇ ਵੀ ਸਰਕਾਰੀ ਪ੍ਰਾਪੇਗੰਡੇ ਵਾਲੇ ਇਸ਼ਤਿਹਾਰ ਵਿਚ ਨਹੀਂ ਦਸਿਆ ਗਿਆ ਕਿ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਤਾਂ ਉਨਾਂ ਚਿਰ ਵਰਤਿਆ ਹੀ ਨਹੀਂ ਜਾ ਸਕਦਾ ਜਿੰਨਾ ਚਿਰ ਥੀਨ ਡੈਮ ਨਹੀਂ ਬਣਦਾ...

**ਡੈਮ ਦੀ ਕਹਾਣੀ :**

ਥੀਨ ਡੈਮ ਦੀ ਕਹਾਣੀ ਪਹਿਲੀ ਵੱਡੀ ਲੜਾਈ ਤੋਂ ਵੀ ਪਹਿਲਾਂ ਸ਼ੁਰੂ ਹੋਈ ਸੀ ਸੰਨ 1911 ਦੌਰਾਨ, ਉਦੋਂ ਸਾਡੇ ਬਾਬੇ ਨੂੰ ਹਾਲੇ ਦਾੜ੍ਹੀ ਨਹੀਂ ਸੀ ਆਈ, 34 ਸਾਲ ਲੰਘ ਗਏ...ਖੈਰ ਉਦੋਂ ਤਾਂ ਅੰਗਰੇਜ਼ਾਂ ਦਾ ਰਾਜ ਸੀ...ਫਿਰ ਅਜ਼ਾਦੀ ਆਈ ..ਅਜ਼ਾਦੀ ਵੀ ਸਤਾਰਾਂ ਵਰ੍ਹਿਆਂ ਦੀ ਹੋ ਗਈ—ਸੰਨ 1964 ਚੜ੍ਹਿਆ—ਥੀਨ ਡੈਮ ਦਾ 'ਵੱਟਾ' ਰੱਖਿਆ ਗਿਆ—ਉਸੇ ਸਾਲ ਸਾਡੇ ਬਾਪ ਦਾ ਸਿਰ ਗੰਜਾ ਹੋਇਆ ਸੀ—ਉਸਦੇ ਬਾਪ ਦੇ ਮਰਨੇ ਤੇ...ਖੈਰ ਸਮਾਂ ਗੁਜਰਦਾ ਗਿਆ—'ਵੱਟਾ' ਰੁੜ ਰੁੜ ਕੇ ਬਿਰਜੂ ਬਾਮ੍ਹਣ ਦੀ ਦੁਕਾਨ ਤੀਕ ਆਣ ਪਹੁੰਚਾ—ਸਤਾਰਾਂ ਸਾਲ ਹੋਰ ਗੁਜ਼ਰ ਗਏ—ਸੰਨ 1981 ਆ ਗਿਆ—ਅਸੀਂ ਵੀ ਆਪਣਾ ਸਿਰ ਮਨਾ ਲਿਆ ਮਗਰ ਥੀਨ ਡੈਮ ਦੀ ਨੀਂਹ ਪੁੱਟਣ ਵਾਲੀ ਕਹੀ ਨੂੰ ਹਾਲੇ ਦਸਤਾ ਨਹੀਂ ਠੁਕਿਆ...ਸਾਡੇ ਬਾਬੇ ਨੇ ਉਸ ਸਰਵੇਅਰ ਦਾ ਬਸਤਾ ਚੁਕਿਆ ਸੀ ਜਿਸ ਸਭ ਤੋਂ ਪਹਿਲਾਂ ਅੰਦਾਜ਼ਾ ਲਾਇਆ ਸੀ ਕਿ ਪਠਾਨਕੋਟ ਦੇ

*ਤਰਨਤਾਰਨ ਦੇ ਨਜ਼ਦੀਕ ਰਸੂਲਪੁਰ ਨਹਿਰੀ ਰੈਸਟ-ਹਾਊਸ ਵਿਖੇ।

ਉਪਰ ਵੱਲ, ਦਰਿਆ ਵਿਚ ਬੰਨ੍ਹ ਲਾ ਕੇ ਇਕ ਡੈਮ ਉਸਰ ਸਕਦਾ ਹੈ—ਸਾਡੇ ਬਾਬਾ ਜੀ ਬੇਲਦਾਰ ਤੋਂ ਤਰੱਕੀ ਕਰਦੇ ਕਰਦੇ ਓਵਰਸੀਅਰ ਬਣ ਕੇ ਰਿਟਾਇਰ ਹੋ ਗਏ ਮਗਰ ਥੀਨ ਡੈਮ ਨਾ ਬਣਿਆ...ਸਾਡੇ ਬਾਬੇ ਦੇ ਪੁੱਤਰ ਨੇ ਬਤੌਰ ਮੇਟ ਉਸ ਖੱਦਰਧਾਰੀ ਹੱਥੋਂ ਬਾਟਾ ਫੜਿਆ ਸੀ ਜਿਸ 'ਵੱਟਾ' ਗੱਡਿਆ ਸੀ—ਖ਼ੈਰ, ਸਾਡੇ ਬਾਬੇ ਦਾ ਪੁੱਤਰ ਮੇਟ ਤੋਂ ਤਰੱਕੀ ਕਰਦਾ ਕਰਦਾ ਐਸ. ਡੀ. ਓ. ਬਣਕੇ ਰੀਟਾਇਰ ਹੋ ਗਿਆ ਮਗਰ ਥੀਨ ਡੈਮ ਫਿਰ ਵੀ ਨਾ ਬਣਿਆ...ਬਾਬੇ ਦੇ ਪੁੱਤਰ ਦਾ ਪੁੱਤਰ ਅੱਜ ਉਨ੍ਹਾਂ ਨੂੰ ਐਸ. ਡੀ. ਓ. ਦਾ ਕੋਰਸ ਕਰਵਾ ਰਿਹਾ ਜਿਨ੍ਹਾਂ ਦੇ ਡੈਡੀ ਥੀਨ ਡੈਮ ਤੇ ਸੰਨ 1964 ਦੇ ਐਕਸੀਅਨ ਲੱਗੇ ਹੋਏ ਹਨ...ਮਗਰ ਥੀਨ ਡੈਮ ਬਨਾਉਣ ਦੀ ਹਾਲੇ ਵੀ ਮਾਇਆ ਨਹੀਂ ਹੈ ਮਿਲੀ.. ਤੇ ਬੰਦਾ ਦਾਹਵੇ ਨਾਲ ਕਹਿੰਦਾ ਹੈ ਕਿ ਜੇ ਜਹਾਜ਼ਾਂ ਦੀਆਂ ਸੀਟਾਂ ਪੂੰਝਣ ਵਾਲੇ' ਹੀ ਯੋਜਨਾਕਾਰ ਬਣਦੇ ਰਹੇ ਤਾਂ ਥੀਨ ਡੈਮ, ਸਾਡੇ ਬਾਬੇ ਦੇ ਪੁੱਤਰ ਦੇ ਪੁੱਤਰ ਦੇ ਪੁੱਤਰ ਦਾ ਸਿਰ ਮੁੰਨੇ ਜਾਣ ਤੀਕ ਵੀ ਨਹੀਂ ਬਨਣ ਲੱਗਾ...!!! ਸੰਨ 1995 ਤੀਕ ਪੂਰਾ ਹੋਣ ਦੀ ਕੋਈ ਸੰਭਾਵਨਾ ਨਹੀਂ...? ਸੰਨ 1965 ਵਿਚ ਇਸੇ ਡੈਮ ਉੱਪਰ ਕੁਲ 65 ਕਰੋੜ ਲਗਣੇ ਸਨ ਪਰ ਅੱਜ ਦੇ ਐਸਟੀਮੇਟ ਮੁਤਾਬਕ 700 ਕਰੋੜ...!! ਇਸ ਸਾਲ ਵੈਸੇ 15 ਕਰੋੜ ਖਰਚ ਕਰ ਦਿਤੇ ਗਏ ਹਨ 3%)...ਤੇ ਜਿਸ ਦੇਸ਼ ਵਿਚ 23% ਮਹਿੰਗਾਈ ਹਰ ਸਾਲ ਲਗਾਤਾਰ ਹੁੰਦੀ ਰਹੇ—ਉਥੇ ਅਗਰ ਡੈਮਾਂ ਤੇ 3% ਵਰਗੀ ਭਾਰੀ ਰਾਸ਼ੀ ਲਗਦੀ ਰਹੀ ਤੇ ਫਿਰ ਉਹ ਡੈਮ ਕਦੋਂ ਪੂਰੇ ਹੋਣਗੇ—ਸ਼ਾਇਦ 'ਭ੍ਰਿਗੂ ਸੰਸਥਾ' ਵਾਲੇ ਪੰਡਿਤ ਹੀ ਦੱਸ ਸਕਣ...???

**ਕੀ ਪੰਜਾਬ ਵਿਚ ਪਹਿਲਾਂ ਬਹੁਤ ਪਾਣੀ ਹੈ।**

ਪੰਜਾਬ ਦੇ ਸਾਰਿਆਂ ਦਰਿਆਵਾਂ ਤੋਂ ਮਸਾਂ 300 ਲੱਖ ਏਕੜ-ਫੁੱਟ ਪਾਣੀ ਹੀ ਪ੍ਰਾਪਤ ਹੁੰਦਾ ਹੈ ਜੋ ਦੋ-ਤਿਹਾਈ ਫਸਲਾਂ ਲਈ ਵੀ ਕਾਫੀ ਨਹੀਂ। ਪਰ ਇੰਦਰਾ ਸਰਕਾਰ ਨੇ ਅੰਕੜਿਆਂ ਦਾ ਹੇਰ ਫੇਰ ਕਰਕੇ 156 ਤੋਂ 172 ਲੱਖ ਏਕੜ-ਫੁੱਟ ਪਾਣੀ 'ਖਿੱਚ ਕੇ' ਬਣਾ ਦਿਤਾ ਹੈ ਅਤੇ ਇਸੇ ਨੂੰ ਹੀ ਬਹੁਤਾ ਦੱਸੀ ਜਾ ਰਹੇ ਹਨ।

**ਸਰਕਾਰੀ ਪ੍ਰਾਪੇਗੰਡਾ ਝੂਠ ਦਾ ਪੁਲੰਦਾ :**

ਹੋਰ ਤੇ ਹੋਰ, ਬੁੱਧੂ ਬਨਾਉਣ ਵਿਚ ਵੀ ਸਰਕਾਰ ਵਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ :

(ੳ) ਯਮਨਾ ਦੇ ਫਾਲਤੂ ਪਾਣੀਆਂ ਵਿਚੋਂ ਸਾਡਾ 20 ਲੱਖ ਏਕੜ-ਫੁੱਟ ਹਿੱਸਾ ਬਣਦਾ ਹੈ—ਉਸਦੀ ਸਰਕਾਰੀ ਇਸ਼ਤਿਹਾਰਾਂ ਵਿਚ ਗੱਲ ਹੀ ਨਹੀਂ ਕੀਤੀ ਜਾ ਰਹੀ...

**(ਅ) ਨਾਉਂ ਅਕਾਲੀਆਂ ਦਾ ਲਾਇਆ ਜਾ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਜਦੋਂ 1976 ਦਾ ਇੰਦਰਾ ਅਵਾਰਡ ਦਿਤਾ ਗਿਆ ਸੀ ਉਦੋਂ ਗਿਆਨੀ ਜ਼ੈਲ ਸਿੰਘ ਹੋਰੀਂ ਮੁੱਖ ਮੰਤਰੀ ਸਨ। ਉਨ੍ਹਾਂ ਇੰਦਰਾ ਗਾਂਧੀ ਦੇ ਉਸ ਫੈਸਲੇ ਦਾ ਵਿਰੋਧ ਵੀ ਇਕ ਚਿੱਠੀ ਰਾਹੀਂ ਕੀਤਾ ਸੀ। ਪਰ ਅਜ ਉਹ ਕਿਉਂ ਚੁੱਪ ਹਨ...? ਕਿਉਂ ਨਹੀਂ ਕਹਿੰਦੇ ਕਿ 1976 ਵਿਚ ਵੀ ਇੰਦਰਾ ਗਾਂਧੀ ਨੇ ਪੰਜਾਬ ਨਾਲ ਧੱਕਾ ਕੀਤਾ ਸੀ ਅਤੇ 1981 ਦਾ ਅਵਾਰਡ ਵੀ ਧੱਕੇ ਤੇ ਧੱਕਾ ਕਰਨ ਵਾਲੀ ਗੱਲ ਹੈ ...?**

(ਸ) ਥੀਨ ਡੈਮ ਤੇ ਖ਼ਰਚ ਹੋਣ ਵਾਲੇ 700 ਕਰੋੜ ਬਾਬਤ ਕੋਈ ਜ਼ਿਕਰ ਤੀਕ ਨਹੀਂ ਕੀਤਾ ਜਾ ਰਿਹਾ—ਜ਼ਬਾਨੀ ਕਲਾਮੀ ਥੀਨ ਡੈਮ ਪੰਜਾਬ ਨੂੰ ਦੇ ਦਿੱਤਾ ਗਿਆ ਹੈ।

(ੲ) ਅਕਾਲੀ ਸਰਕਾਰ ਨੇ 197· ਦੇ ਇੰਦਰਾ-ਅਵਾਰਡ ਵਿਰੁਧ ਹਾਈ ਕੋਰਟ ਵਿਚ ਰਿੱਟ ਕੀਤੀ ਪਰ ਉਸ ਦੀ ਹਾਲੇ ਤਰੀਕ (ਅਗਲੀ ਤਰੀਕ 3-5-82) ਪੈਣੀ ਸੀ ਕਿ ਇੰਦਰਾ ਜੀ ਨੇ ਸਤਲੁਜ-ਜਮਨਾ-ਨਹਿਰ ਦਾ ਉਦਘਾਟਨ ਅਪ੍ਰੈਲ 1982 ਵਿਚ ਹੀ ਕਰ ਦਿੱਤਾ...?

(ਕ) ਹੁਣ ਪੰਜਾਬ ਸਰਕਾਰ ਜ਼ੋਰ ਸ਼ੋਰ ਨਾਲ ਕਹਿ ਰਹਿ ਹੈ ਕਿ ਐਸ-ਵਾਈ-ਐਲ-ਨਹਿਰ ਰਾਹੀਂ, ਪੰਜਾਬ ਦੀ ਤਿੰਨ ਲੱਖ ਏਕੜ ਧਰਤੀ ਨੂੰ ਪਾਣੀ ਮਿਲੇਗਾ (ਰਾਜਪੁਰੇ ਦੇ ਆਸ ਪਾਸ) ਪਰ ਅਸੀਂ ਪੁੱਛਣਾ ਚਾਹਾਂਗੇ ਕਿ ਪਹਿਲਾਂ ਇਹ ਪੰਜਾਬ ਸਰਕਾਰ ਜੋ ਦੋ ਸਾਲਾਂ ਤੋਂ ਸੂਬੇ ਵਿਚ ਹੈ—ਸੁੱਤੀ ਹੋਈ ਸੀ—ਉਦੋਂ ਕਿਉਂ ਨਾ ਪੰਜਾਬ ਦੀ ਧਰਤੀ ਨੂੰ ਸਿੰਜਣ ਦਾ ਉਪਰਾਲਾ ਕੀਤਾ ਗਿਆ—ਹਰਿਆਣੇ ਦੀਆਂ ਚੋਣਾਂ ਤੋਂ ਇਕ ਹਫਤਾ ਪਹਿਲਾਂ ਹੀ ਕਿਉਂ ਇਹ ਸੁਪਨਾ ਆਇਆ...?

(ਗ) ਜਦੋਂ ਪਾਣੀਆਂ ਦੇ ਝਗੜਿਆਂ ਬਾਬਤ ਮੁਕੱਦਮਾ ਸੁਪਰੀਮ ਕੋਰਟ ਵਿਚ ਚਲ ਰਿਹਾ ਸੀ ਫਿਰ ਬਾਹਰ ਬਾਹਰ ਹੀ ਕਿਉਂ ਸਮਝੌਤਾ ਕਰ ਲਿਆ ਗਿਆ। ਸਪਸ਼ਟ ਹੈ—ਹਰਿਆਣੇ ਨੇ ਕੇਸ ਹਾਰ ਜਾਣਾ ਸੀ !!

**ਸਾਰ** : ਲੇਖਕ ਮੁਤਾਬਕ ਵੰਡ ਇਉਂ ਬਣਦੀ ਹੈ:-

ਰਾਵੀ + ਬਿਆਸ + ਯਮਨਾ ਦਾ ਕੁਲ ਸਰਪਲਸ ਪਾਣੀ = 107.5 ਲੱਖ ਏਕੜ ਫੁੱਟ।

ਪੰਜਾਬ ਦਾ ਹਿੱਸਾ

= $\frac{60}{100} \times 107.5 = 64,5$ ਲੱਖ ਏਕੜ ਫੁੱਟ।

ਹਰਿਆਣੇ ਦਾ ਹਿੱਸਾ

= $\frac{40}{100} \times 107.4 = 43$ ਲੱਖ ਏਕੜ ਫੁੱਟ।

ਹਰਿਆਣੇ ਕੋਲ ਪਹਿਲਾਂ ਹੀ ਜਮਨਾ ਦਾ $37\frac{1}{2}$

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143003 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:

Post Office No. P/AR—133
Registered with the Registrar, News Papers, Vide No. MA/12397-D dated 14.8 80

ਲੱਖ ਏਕੜ-ਫੁੱਟ ਪਾਣੀ ਹੈ ਅਤੇ ਉਸ ਨੂੰ ਸਿਰਫ $5\frac{1}{2}$ ਲੱਖ ਏਕੜ ਫੁੱਟ ਪਾਣੀ ਹੋਰ (ਵੱਧ ਤੋਂ ਵੱਧ) ਦਿੱਤਾ ਜਾਣਾ ਚਾਹੀਦਾ ਹੈ ਪਰ ਸਦਕੇ ਜਾਈਏ ਪੰਜਾਬ-ਹਿਤੈਸ਼ਣ ਇੰਦਰਾ ਗਾਂਧੀ ਦੇ ਜਿਸ ਹਰਿਆਣੇ ਨੂੰ 35 ਲੱਖ ਏਕੜ ਫੁੱਟ ਪਾਣੀ ਦੇਣ ਵਾਸਤੇ ਨਹਿਰ ਬਨਾਉਣ ਦਾ ਹੁਕਮ ਦਿੱਤਾ ਹੈ।

ਨੋਟ : ਇਹ ਨਹਿਰ ਭਾਖੜਾ ਦੀ ਵੱਡੀ ਨਹਿਰ ਦਾ ਤਿੰਨ ਚੌਥਾਈ ਹੋਵੇਗੀ ???

---

ਨੋਟ : ਅੱਜ ਕਲ੍ਹ ਪ੍ਰੋ. ਭਾਰਦਵਾਜ, ਪੰਜਾਬੀ-ਮੰਗਾਂ ਦਾ ਦੂਸਰੇ ਸੂਬਿਆਂ ਵਿਚ ਪ੍ਰਚਾਰ ਕਰਨ ਅਤੇ ਵਧੇਰੇ ਤੋਂ ਵਧੇਰੇ ਮੈਂਬਰ ਪਾਰਲੀਆਮੈਂਟ ਉੱਘੇ ਪਤਰਕਾਰ ਤੇ ਹੋਰ ਕੌਮੀ ਲੀਡਰਾਂ ਨੂੰ ਪੰਜਾਬ (ਅੰਮ੍ਰਿਤਸਰ) ਵਿਖੇ ਲਿਆਉਣ ਵਿਚ ਮਸਰੂਫ ਹਨ। ਉਹ ਦਿਨ ਰਾਤ ਇਸੇ ਹੀ ਟੀਚੇ ਨੂੰ ਅੱਗੇ ਰੱਖ ਕੇ ਘੁੰਮੀ ਜਾ ਰਹੇ ਹਨ ਕਿ (1) ਪੰਜਾਬ ਵਿਚ ਜਲਦ ਤੋਂ ਜਲਦ ਸ਼ਾਂਤੀ ਆ ਸਕੇ (2)ਹਿੰਦੂ-ਸਿੱਖਾਂ ਵਿਚ ਵੱਧ ਰਿਹਾ ਫਰਕ ਰੁਕ ਸਕੇ (3) ਪੰਜਾਬੀ ਹਰਿਆਣਵੀਆਂ ਵਿਚ ਪੈ ਰਿਹਾ ਪਾੜਾ ਰੋਕਿਆ ਜਾ ਸਕੇ ਜਿਸ ਦਾ ਬਿਨਾ ਸ਼ਕ ਇੰਦਰਾ ਕਾਂਗਰਸ ਨੂੰ ਹੀ ਫਾਇਦਾ ਹੋਣਾ ਹੈ! ਇਸ ਕਰਕੇ ਹੀ ਉਹ ਪਾਠਕ-ਵੀਰਾਂ ਦੀ ਅਲੋਚਨਾ ਦਾ ਜਵਾਬ ਨਹੀਂ ਲਿਖ ਸਕੇ ਜੋ ਅਗਲੀ ਕਿਸ਼ਤ ਵਿਚ ਦਿੱਤੇ ਜਾਣਗੇ।

o

---

(ਸਫਾ ਨੰ: 6 ਦੀ ਬਾਕੀ)

ਲੋਕਾਂ ਨੂੰ ਸੀ. ਪੀ. ਆਈ. ਦੀਆਂ ਗੱਦਾਰੀਆਂ ਬਾਰੇ ਲੈਕਚਰ ਕਰਨ ਦਾ ਕੋਈ ਫਾਇਦਾ ਨਹੀਂ ਕਿਉਂਕਿ ਉਹ ਐਮਰਜੈਂਸੀ ਦੌਰਾਨ ਉਸਦਾ ਰੋਲ ਅਤੇ ਪਾਰਟੀ ਪ੍ਰਧਾਨ ਦਾ ਮਈ 76 ਦਾ ਪੈਗ਼ਾਮ ਨਹੀਂ ਭੁਲਦੇ। ਸੀ. ਪੀ. ਐਮ. ਦਾ ਸਮਾਜਵਾਦੀ ਨਮੂਨਾ ਉਹ ਪੱਛਮੀ ਬੰਗਾਲ ਵਿਚ ਦੇਖ ਹੀ ਰਹੇ ਹਨ। ਅੱਜ ਵੀ ਏਨਾਂ ਦੇ ਇਕੱਠਾਂ ਵਿਚ ਜਾਣ ਵਾਲੇ ਲੋਕਾਂ ਨੂੰ ਕੋਈ ਭੁਲੇਖਾ ਨਹੀਂ ਕਿ ਇਹ ਪਾਰਟੀਆਂ ਇਨਕਲਾਬੀ ਨਹੀਂ ਰਹੀਆਂ ਪਰ ਕੀ ਕਰਨ ਉਨ੍ਹਾਂ ਨੂੰ ਕੋਈ ਇਨਕਲਾਬੀ ਦਿਸਦਾ ਵੀ ਤਾਂ ਨਹੀਂ : ਉਹ ਸਵਾਲ ਕਰਦੇ ਹਨ ਕੇ ਆਖਰ ਏਨਾਂ ਨੂੰ ਛੱਡ ਕੇ ਕਿੱਥੇ ਜਾਈਏ ?

ਇਸ ਸਵਾਲ ਦਾ ਜੁਆਬ ਦੇਣ ਲਈ ਅੱਜ ਕਿਸੇ ਮਾਰਕਸੀ ਜਥੇਬੰਦੀ ਦੀ ਜ਼ਰੂਰਤ ਹੈ ਪਰ ਜੇਕਰ ਉਹ ਅੱਜ ਤੋਂ ਚਾਲੀ ਸਾਲ ਪਹਿਲਾਂ ਤਿਲੰਗਾਨਾਂ ਨਹਿਰ ਦੇ ਨਾਅਰੇ ਦੇ ਕੇ ਜਾਂ ਰੰਧੀਵੇ ਦੇ ਖੱਬੇ ਅੱਤਵਾਦੀ ਨਾਅਰੇ ਦੁਹਰਾ ਕੇ ਇਸ ਦਾ ਜੁਆਬ ਦੇਣਾ ਚਹੁਣ ਤਾਂ ਲੋਕ ਉਨ੍ਹਾਂ ਮਗਰ ਨਹੀਂ ਲੱਗਣ ਲੱਗੇ। ਭਾਰਤ ਵਿਚ ਕਮਿਊਨਿਸਟ ਲਹਿਰ ਦੇ 57 ਸਾਲ ਬੀਤ ਚੁਕੇ ਹਨ ਤੇ ਇਹ ਨਾਅਰੇ ਬਹੁਤ ਪੁਰਾਣੇ ਹੋ ਚੁਕੇ ਹਨ ਅਤੇ ਆਪੋ ਆਪਣੇ ਸਮੇਂ ਇਹ ਪੂਰੀ ਤਰ੍ਹਾਂ ਕਾਮਯਾਬ ਨਹੀਂ ਸਨ ਹੋ ਸਕੇ। ਪਰ ਅੱਜ ਜੇਕਰ ਪੰਜਾਬ ਅੰਦਰ ਕੰਮ ਕਰ ਰਿਹਾ ਕੋਈ ਗਰੁਪ ਜਗੀਰਦਾਰੀ ਦੀ ਹੀ ਰੱਟ ਲਾਈ ਜਾਵੇ ਤਾਂ ਲੁਧਿਆਣੇ ਦੇ ਇਕ ਲੱਖ ਮਜ਼ਦੂਰਾ ਨੂੰ ਦੇਖ ਕੇ ਮਧ-ਪ੍ਰਦੇਸ਼ ਦੇ ਜੰਗਲਾਂ ਵਿਚ ਰਹਿੰਦੇ ਕਬੀਲਿਆਂ ਨੂੰ ਵੀ ਦਲਾਲ ਸਰਮਾਏਦਾਰੀ ਦਾ ਵਿਰੋਧ ਕਰਦਿਆਂ ਬਗਾਵਤ ਦਾ ਸੱਦਾ ਦੇਵੇ ਤਾਂ ਉਹ ਆਪਣੀ ਜ਼ਬਾਨ ਦਾ ਚਸਕਾ ਤਾਂ ਪੂਰਾ ਕਰ ਸਕਦਾ ਹੈ। ਲੋਕਾਂ ਦਾ ਕੁਝ ਨਹੀਂ ਸਵਾਰ ਸਕਦਾ ਤੇ ਨਾ ਹੀ ਲੋਕ ਹੁਣ ਐਡੇ ਸਿੱਧੜ ਹਨ ਕਿ ਜੋ ਜੀਅ ਆਵੇ ਰਾਜੀ ਜਾਵੇ---ਚੜ੍ਹਦੀ ਕਲਾ ਕਰੀ ਜਾਣ। ਇਸ ਧਰਤੀ ਤੇ ਬਹੁਤ ਸਾਰੇ ਲੋਕ ਹਨ ਜੋ ਮਿਹਨਤੀ ਲੋਕਾਂ ਦੀ ਮੁਕਤੀ ਚਹੁੰਦੇ ਹਨ ਅਤੇ ਆਪੋ ਆਪਣੇ ਤਰੀਕੇ ਨਾਲ ਕਾਰਗੁਜ਼ਾਰੀਆਂ ਕਰ ਰਹੇ ਹਨ। ਵੈਸੇ ਇਨਕਲਾਬ ਉਨ੍ਹਾਂ ਦੇ ਹੱਥੀਂ ਫੜਿਆ ਹੋਇਆ ਵੀ ਨਹੀਂ ਹੈ ਇਹ ਤਾਂ ਇਕ ਵਿਗਿਆਨਕ ਪ੍ਰੀਕ੍ਰਿਆ (Process) ਹੈ ਤੇ ਇੰਝ ਵਾਪਰਨਾ ਹੀ ਹੈ। ਉਨ੍ਹਾਂ ਤਾਂ ਇਸ ਨੂੰ ਤੇਜ਼ ਕਰਨ ਵਿਚ ਹਿੱਸਾ ਹੀ ਪਾਉਣਾ ਹੈ ਤੇ ਇੰਝ ਕਰਦਿਆਂ ਕਚੀਚੀਆਂ ਲੈਣ ਦਾ ਕੋਈ ਫਾਇਦਾ ਨਹੀਂ ਹੈ। ਆਪ ਦੇ ਉਤਾਵਲੇ ਪਨ ਵਿਚੋਂ ਨਵੀਆਂ ਥੀਊਰੀਆਂ ਘੜੀ ਜਾਣੀਆਂ, ਕਦੇ ਨਿਰੇ ਐਕਸ਼ਨ, ਕਦੇ ਨਿਰੀਆਂ ਜਥੇਬੰਦੀਆਂ ਕਦੇ ਜਗੀਰਦਾਰ ਮਾਰੋ ਤੇ ਕਦੇ ਸਾਮਰਾਜ ਮਾਰੋ, ਕਦੇ ਸਿਰਫ ਹਥਿਆਰਬੰਦ ਐਕਸ਼ਨ ਤੇ ਕਦੇ ਅਲੈਕਸ਼ਨ ਕਦੇ ਪਾਰਟੀ ਖੁਲ੍ਹੀ ਤੇ ਕਦੇ ਗੁਪਤ ਇਹ ਸਾਰੀਆਂ ਬਦਲਦੀਆਂ ਪੁਜੀਸ਼ਨਾਂ ਨਿਸ਼ਚੇ ਹੀ ਕਿਸੇ ਬੇਈਮਾਨੀ ਚੋਂ ਨਹੀਂ ਨਿਕਲਦੀਆਂ ਅਤੇ ਨਾ ਹੀ ਇਨ੍ਹਾ ਪੁਜ਼ੀਸ਼ਨਾਂ ਕਰਕੇ ਕਿਸੇ ਨੂੰ ਗ਼ਦਾਰ ਭਗੌੜਾ ਕਹਿਣਾ ਚਾਹੀਦਾ ਹੈ। ਸਗੋਂ ਇਹ ਪੁਜ਼ੀਸ਼ਨਾਂ ਇਸ ਗੱਲ ਦਾ ਪ੍ਰਤੀਕ ਹਨ ਕਿ ਇਨ੍ਹਾਂ ਲੋਕਾਂ ਅੰਦਰ ਕਿੰਨਾਂ ਜਜ਼ਬਾ ਹੈ ਇਨਕਲਾਬ ਕਰਨ ਦਾ ਤੇ ਕਿੰਨੀ ਤੀਬਰਤਾ ਹੈ। ਪਰ ਇਨਕਲਾਬ ਕਿਸੇ ਜਜ਼ਬੇ, ਕੁਰਬਾਨੀ ਚਾਹਨਾਂ ਦੀ ਘਾਟ ਕਾਰਨ ਨਹੀਂ ਰੁਕਿਆ ਪਿਆ ਇਹ ਤਾਂ ਕਿਸੇ ਰਾਹ-ਪਧਰੇਵੇਂ ਦੀ ਮੰਗ ਕਰਦਾ ਹੈ ਤੇ ਉਸ ਵਾਸਤੇ ਜ਼ਰੂਰੀ ਨਹੀਂ ਕਿ ਫਟਾ-ਫੱਟ ਕੋਈ ਨਵੀਂ ਪਾਰਟੀ ਬਣਾ ਮਾਰੋ ਜਾਂ ਸ਼ਹੀਦਾਂ ਦੀ ਯਾਦ ਮਨਾਉਂਦਿਆਂ ਉਨ੍ਹਾਂ ਦੇ ਹੀ ਪੁਰਾਣੇ ਨਾਅਰਿਆਂ ਨੂੰ ਰੱਟੇ ਲਾਈ ਜਾਓ। ਅੱਜ ਲੋਕ ਸਾਡੇ ਦੇਸ਼ ਦੀਆਂ ਠੋਸ ਹਾਲਤਾਂ ਦਾ ਠੋਸ ਜਾਇਜ਼ਾ ਲੈਂਦਿਆਂ ਹੋਇਆਂ ਕਿਸੇ ਐਸੇ ਪ੍ਰੋਗਰਾਮ ਦੀ ਮੰਗ ਕਰ ਰਹੇ ਹਨ ਜਿਨ੍ਹਾਂ ਵਿਚ 57 ਸਾਲਾਂ ਕਮਿਊਨਿਸਟ ਲਹਿਰ ਦੀਆਂ ਪਛਾੜਾਂ ਦੇ ਕਾਰਨਾਂ ਦਾ ਜੁਆਬ ਦਿਤਾ ਜਾਵੇ ਅਤੇ ਉਨ੍ਹਾਂ ਦਾ ਹੱਲ ਸੁਝਾਇਆ ਜਾਵੇ। ਤੇ ਇਸ ਵਾਸਤੇ ਤੁਹਾਡੀ ਕਾਹਲੀ ਤੁਹਾਨੂੰ ਫਿਰ ਉਥੇ ਲੈ ਜਾਵੇਗੀ ਜਿਥੇ ਅਗੇ ਸਾਡੀ ਲਹਿਰ ਨੇ ਕਈ ਗੇੜੇ ਖਾਦੇ ਹਨ। ਸੋ ਗੱਲਾਂ ਨਹੀਂ ਕੰਮ ਤੇ ਉਹ ਵੀ ਕਿਸੇ ਠੋਸ ਪ੍ਰੋਗਰਾਮ ਦੇ ਅਧਾਰ ਤੇ ਉਸਰਿਆ ਲੋਕਾਂ ਨੂੰ ਆਪਣੇ ਵੱਲ ਖਿੱਚ ਸਕਦਾ ਹੈ ਤੇ ਸਿਰਫ ਲੋਕ ਹੀ ਇਨਕਲਾਬ ਲਿਆਉਣਗੇ ਕੋਈ ਪਰਚੇ ਨਹੀਂ। ਇਸ ਲਈ ਮਈ ਦਿਨ ਤੇ ਆਓ ਮਜ਼ਦੂਰ ਤੇ ਮਿਹਨਤੀ ਲੋਕਾਂ ਦੀ ਮੁਕਤੀ ਲਈ ਕਿਸੇ ਸਹੀ ਦਿਸ਼ਾ ਵੱਲ ਅਗੇ ਵਧੀਏ।